ੴ ਸਤਿਗੁਰ ਪ੍ਰਸਾਦਿ ਜੀ ਕੀ ਫਤਹ ॥

ਸ੍ਰੀ ਗੁਰਮੁਖੀ ਪਾਤਸ਼ਾਹ ਜੀ ਦੇ ਹਜ਼ੂਰੀ

ਵਡੀ ਵੰਡਣ ਕ੍ਰਿਤ

ਸੰਖੇਪ ਤੇ

ਦਸ ਗੁਰ ਕਥਾ

ਲੇਖਕ

ਡਾਕਟਰ ਕ੍ਰਿਪਾਲ ਸਿੰਘ ਐਮ. ਏ.
ਪੰਜਾਬੀ ਯੂਨੀਵਰਸਿਟੀ ਪਟਿਆਲਾ

—o—

ਸਾਰੇ ਹੱਕ ਰਾਖਵੇਂ ਹਨ

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਸ੍ਰੀ ਕਲਗੀਧਰ ਪਾਤਸ਼ਾਹ ਜੀ ਦੇ ਹਜ਼ੂਰੀ

ਕਵੀ ਕੰਕਣ ਕ੍ਰਿਤ

ਸੰਖੇਪ ਤੇ

ਦਸ ਗੁਰ ਕਥਾ

ਸੰਪਾਦਿਤ
ਡਾਕਟਰ ਕ੍ਰਿਪਾਲ ਸਿੰਘ ਐਮ. ਏ.
ਪੰਜਾਬੀ ਯੂਨੀਵਰਸਿਟੀ ਪਟਿਆਲਾ

—o—

ਖਾਲਸਾ ਸਮਾਚਾਰ
ਹਾਲ ਬਾਜ਼ਾਰ
ਅੰਮ੍ਰਿਤਸਰ

ਪਹਿਲੀ ਵਾਰ ੫੦੦] ਅਗਸਤ ੧੯੬੭ ਰੁਪਏ

Rs 5

ੴ ਸਤਿਗੁਰ ਪ੍ਰਸਾਦਿ ॥

—o—

ਮੁੱਢਲੀ ਬੇਨਤੀ

ਕਲਗੀਧਰ ਪਾਤਸ਼ਾਹ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਦੇ ਦਰਬਾਰੀ ਕਵੀਆਂ ਦੀ ਨਾਮਾਵਲੀ ਵਿਚ ਇਕ ਨਾਮ ਕਵੀ 'ਕੰਕਣ' ਦਾ ਬੀ ਆਇਆ ਹੈ। ਲਾਹੌਰ ਪਬਲਿਕ ਲਾਇਬਰੇਰੀ ਵਿਚ ਉਸ ਦੀ ਇਕ ਰਚਨਾ 'ਸੰਖੇਪ ਤੇ ਦਸ ਗੁਰ ਕਥਾ', ਲਿਖਤੀ ਰੂਪ ਵਿਚ ਪੁਸਤਾਕਲਯ ਦੇ ਅੰਕ 'ਬ-੨੨੬' ਵਿਚ ਪਈ ਹੋਈ ਹੈ। ਓਥੇ ਬਹੁਤੇ ਗੁਰਮੁਖੀ ਲਿਖਤੀ ਖਰੜੇ ਸਰ ਸਰਦਾਰ ਅਤਰ ਸਿੰਘ ਜੀ ਭਦੌੜ ਵਾਲਿਆਂ ਦੇ ਪੁਸਤਕਾਲਯ ਦੇ ਹਨ। ਦੱਸਿਆ ਜਾਂਦਾ ਹੈ ਕਿ ਉਕਤ ਸਰਦਾਰ ਸਾਹਿਬ ਨੇ ਆਪਣੇ ਪ੍ਰਲੋਕ ਪਿਆਨੇ ਤੋਂ ਪਹਿਲੇ ਆਪਣਾ ਸਾਰਾ ਸੰਚਯ ਲਾਹੌਰ ਪਬਲਿਕ ਲਾਇਬ੍ਰੇਰੀ ਨੂੰ ਪ੍ਰਦਾਨ ਕਰ ਦਿੱਤਾ ਸੀ। ਸੰਨ ੧੯੪੫ ਈ: ਦੇ ਦਸੰਬਰ ਵਿਚ ਇਨ੍ਹਾਂ ਅੱਖਰਾਂ ਦੇ ਲੇਖਕ ਨੇ ਇਸ ਲਾਇਬਰੇਰੀ ਵਿਚ ਕੁਝ ਗੁਰਮੁਖੀ ਲਿਖਤੀ ਖਰੜਿਆਂ ਦੀ ਪੇਖ ਰੇਖ ਸਮੇਂ ਇਹ ਲਿਖਤ ਬੀ ਦੇਖੀ ਸੀ ਤੇ ਇਸ ਵਿਚੋਂ ਕੁਝ ਚੋਣਵੇਂ ਛੰਦ ਉਤਾਰਾ ਕਰਕੇ ਲੈ ਆਂਦੇ ਸਨ, ਜੋ 'ਖਾਲਸਾ ਸਮਾਚਾਰ' ਵਿਚ ਕਦੇ ਕਦੇ ਛਪਦੇ ਰਹੇ ਹਨ।

ਇਹ ਰਚਨਾ ਥੋੜੇ ਜਿੰਨੇ ਸਫਿਆਂ ਦੀ ਹੈ ਤੇ ਸੁੰਦਰ ਮੁਟੇਰੀ ਲਿਖਤ ਦੀ ਹੈ। ਕਵੀ ਕੰਕਣ ਦੇ ਆਪਣੇ ਬਾਰੇ ਇਸ ਵਿਚੋਂ ਕੋਈ ਜਾਣਕਾਰੀ ਨਹੀਂ ਮਿਲਦੀ ਤੇ ਨਾ ਹੀ ਇਸ ਰਚਨਾਂ ਦਾ ਯਾ ਇਸ ਦੇ ਉਤਾਰੇ ਦਾ ਸੰਮਤ ਹੀ ਇਸ ਵਿਚੋਂ ਮਿਲਦਾ ਹੈ। ਸਰਸਰੀ ਨਜ਼ਰ ਨਾਲ ਤਦੋਂ ਪ੍ਰਤੀਤ ਹੋਇਆ ਸੀ ਕਿ ਕਵੀ ਦੀ ਕਵਿਤਾ ਭਾਵੇਂ ਬਹੁਤੀ ਅਲੰਕ੍ਰਿਤ ਨਹੀਂ, ਪਰ ਫਿਰ ਬੀ ਸਤਿਗੁਰਾਂ ਦੇ ਸਮੇਂ ਦੀ ਪ੍ਰਾਚੀਨ ਰਚਨਾ ਹੈ, ਕਿਤੇ ਕਿਤੇ ਖਯਾਲਾਂ ਵਿਚ ਲਾਵੰਨਤਾ ਹੈ ਤੇ ਸਤਿਗੁਰਾਂ ਲਈ ਕਵੀ ਦੇ ਹਿਰਦੇ ਵਿਚ ਸ਼ਰਧਾ ਭਾਵਨਾ ਹੈ। ਉਤਾਰਾ ਕਰਨਹਾਰ ਲਿਖਾਰੀਆਂ ਦੁਆਰਾ ਜਾਪਦਾ ਹੈ ਕਿ ਬਹੁਤਾ ਗਹੁ ਨਹੀਂ ਵਰਤਿਆ ਗਿਆ, ਜਿਸ ਕਾਰਨ ਕਿਤੇ ਕਿਤੇ ਪਾਠ ਅਸ਼ੁੱਧ ਯਾ ਕਿਤੇ ਕਿਤੇ ਛੰਦਕ ਚਾਲ ਵਿਚ ਕੋਈ ਅੱਖਰ ਰਹਿ ਗਏ ਹਨ ਤੇ ਕਿਤੇ ਕਿਤੇ ਕਿਸੇ ਛੰਦ ਦਾ ਕੋਈ ਚਰਨ ਵੀ ਛੁਟ ਗਿਆ ਹੈ।

ਪ੍ਰੋਫੈਸਰ ਕ੍ਰਿਪਾਲ ਸਿੰਘ ਜੀ ਐਮ. ਏ., ਪੀਐਚ.ਡੀ., ਜੋ ਹੁਣ ਪੰਜਾਬੀ ਯੂਨੀਵਰਸਿਟੀ ਪਟਿਆਲਾ ਚਲੇ ਗਏ ਹਨ, ਸੰਨ ੧੯੫੬ ਵਿਚ, ਜਦੋਂ ਕਿ ਉਹ ਖਾਲਸਾ ਕਾਲਜ ਅੰਮ੍ਰਿਤਸਰ ਦੇ ਸਿੱਖ ਇਤਿਹਾਸ ਖੋਜ ਵਿਭਾਗ ਦੇ ਇੰਚਾਰਜ ਸਨ, ਰਾਜਾ ਗ਼ਜ਼ਨਫ਼ਰ ਅਲੀ, ਜੋ ਉਸ ਵੇਲੇ ਹਿੰਦ ਵਿਚ ਪਾਕਿਸਤਾਨ ਦੇ ਹਾਈ ਕਮਿਸ਼ਨਰ ਸਨ ਤੇ ਸਰਦਾਰ ਇੰਦਰ ਸਿੰਘ ਜੀ, ਜੋ ਉਸ ਵੇਲੇ ਖਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਸਨ, ਦੇ ਸਹਿਯੋਗ ਨਾਲ ਸਿੱਖ ਇਤਿਹਾਸ ਦਾ ਮਸਾਲਾ ਇਕੱਤ੍ਰ ਕਰਨ ਦੇ ਯਤਨਾਂ ਵਿਚ ਦੋ ਕੁ ਹਫਤੇ

ਲਈ ਲਾਹੌਰ (ਪਾਕਿਸਤਾਨ) ਗਏ ਸਨ। ਇਸ ਖੋਜ ਫੇਰੀ ਸਮੇਂ ਪੰਜਾਬ ਸਰਕਾਰ ਦੇ ਅਜਾਇਬ ਘਰ ਲਾਹੌਰ ਵਿਚੋਂ ਲਗ ਪਗ ਸਾਰੇ ਹੀ ਸਿੱਖ ਰਾਜ ਦੇ ਸਮੇਂ ਦੇ ਚਿੱਤ੍ਰਾਂ ਦੇ ਫੋਟੋ, ਪੰਜਾਬ ਪਬਲਿਕ ਲਾਇਬਰੇਰੀ ਲਾਹੌਰ ਤੇ ਪੰਜਾਬ ਯੂਨੀਵਰਸਿਟੀ ਲਾਇਬਰੇਰੀ ਲਾਹੌਰ ਵਿਚੋਂ ਕੁਝ ਕੁ ਖਰੜਿਆ ਦੀਆਂ ਫੋਟੋ ਕਾਪੀਆਂ ਲੈ ਆਏ ਸਨ, ਜੋ ਇਸ ਵੇਲੇ ਸਿਖ ਇਤਿਹਾਸ ਖੋਜ ਵਿਭਾਗ, ਖਾਲਸਾ ਕਾਲਜ ਅੰਮ੍ਰਿਤਸਰ ਵਿਚ ਸੁਰੱਖਿਅਤ ਹਨ। ਇਨ੍ਹਾਂ ਵਿਚੋਂ ਇਕ 'ਦਸਗੁਰ ਕਥਾ' ਕ੍ਰਿਤ ਕਵੀ ਕੰਕਣ ਸੀ।

ਦਸਮੇਸ਼ ਪਿਤਾ ਜੀ ਦੀ ਸੌ ਸਾਲਾਂ ਅਵਤਾਰ ਸ਼ਤਾਬਦੀ ਦੇ ਸਮੇਂ ਪ੍ਰੋਫੈਸਰ ਕ੍ਰਿਪਾਲ ਸਿੰਘ ਜੀ ਨੇ ਇਹ ਖਰੜਾ ਸੰਪਾਦਨ ਕਰਕੇ 'ਖਾਲਸਾ ਸਮਾਚਾਰ' ਵਿਚ ਪ੍ਰਕਾਸ਼ਨ ਅਰਥ ਭੇਜਿਆ ਸੀ ਜੋ ਫਰਵਰੀ ਮਾਰਚ ੧੯੬੭ ਵਿਚ ਉਕਤ ਪੱਤਰ ਵਿਚ ਛਪ ਗਿਆ। ਪਾਠਕਾਂ ਵਲੋਂ ਜ਼ੋਰਦਾਰ ਮੰਗ ਹੋਈ ਕਿ ਚੂੰਕਿ ਅਖਬਾਰਾਂ ਦੇ ਪਰਚੇ ਸਾਂਭੇ ਨਹੀਂ ਰਹਿੰਦੇ, ਇਸ ਲਈ ਇਸ ਪੁਰਾਤਨ ਰਚਨਾ ਨੂੰ ਪੁਸਤਕ ਆਕਾਰ ਵਿਚ ਬੀ ਜ਼ਰੂਰ ਛਾਪ ਦਿੱਤਾ ਜਾਏ, ਜਿਸ ਮੰਗ ਦੀ ਪੂਰਤੀ ਇਸ ਪ੍ਰਕਾਸ਼ਨ ਵਿਚ ਕੀਤੀ ਜਾ ਰਹੀ ਹੈ।

ਪ੍ਰਾਰਥਕ :-ਮਹਾਂ ਸਿੰਘ ਗਿਆਨੀ,
ਸੰਪਾਦਕ ਖਾਲਸਾ ਸਮਾਚਾਰ, ਅੰਮ੍ਰਿਤਸਰ।

ਭੂਮਿਕਾ

[ਲਿਖਤ ਡਾ: ਕਿਰਪਾਲ ਸਿੰਘ ਜੀ ਐਮ. ਏ., ਪੰਜਾਬੀ ਯੂਨੀਵਰਸਿਟੀ ਪਟਿਆਲਾ]

ਕਵੀ ਕੰਕਣ ਕੌਣ ਸੀ ? ਇਸ ਬਾਰੇ ਭਾਈ ਸਾਹਿਬ ਕਾਨ੍ਹ ਸਿੰਘ ਜੀ ਨਾਭਾ ਲਿਖਦੇ ਹਨ, "ਇਕ ਕਵੀ ਜਿਸ ਦੀ ਰਚਨਾ ਹ੍ਰਿਦਯ ਰਾਮ ਰਚਿਤ ਹਨੂਮਾਨ ਨਾਟਕ ਵਿਚ ਆਈ ਹੈ, ਯਥਾ–

"ਤਬ ਜਾਨਕਿ ਕੋ ਹਰਿ ਕਾਨਨ ਟੇਰਿ ਗਏ ਸਰ ਤੀਰ ਤ੍ਰਿਖਾ ਜਲ ਕੀ। ਕਹਿ ਕੰਕਨ ਨੈਕੁ ਭਏ ਦ੍ਰਿਗ ਸੀਤਲ ਸੰਪਤਿ ਦੇਖਿ ਰਤੋਪਲੁ ਕੀ। ਅਲਿ ਕੇਸ਼ ਗਏ ਅਬਏ ਦਿਨਨਾਥ ਨਈ ਛਬਿ ਤੌ ਨਲਿਨੀਦਲ ਕੀ। ਮਨੁ ਮਿਤ੍ਰ ਵਿਯੋਗ ਪਰੇ ਮੁਰਝਾਇ ਭਲੀ ਮੁਖਿ ਮੇਲਿ ਹਲਾਹਲ ਕੀ।"

'ਹਨੂਮਾਨ ਨਾਟਕ' ਬਾਰੇ ਭਾਈ ਕਾਨ੍ਹ ਸਿੰਘ ਜੀ ਦੱਸਦੇ ਹਨ :–

"ਹਨੁਮੱਨਾਟਕ ਸੰਸਕ੍ਰਿਤ ਦਾ ਇਕ ਕਾਵਜ, ਜੋ ਰਾਮਚੰਦ੍ਰ ਜੀ ਦਾ ਇਤਿਹਾਸ ਅਖਾੜੇ ਵਿਚ ਖੇਡਕੇ ਦਿਖਾਉਣ ਯੋਗ ਹੈ। ਇਹ ਵਿਦਵਾਨ ਹਨੂਮਾਨ ਦੀ ਰਚਨਾ ਹੈ। ਕਈ ਕਵੀਆਂ ਨੇ ਲਿਖਿਆ ਹੈ ਕਿ ਬਾਲਮੀਕ ਦੇ ਕਹਿਣ ਤੇ ਹਨੂਮਾਨ ਨੇ ਆਪਣਾ ਨਾਟਕ ਸਮੁੰਦਰ ਵਿਚ ਸੁੱਟ ਦਿੱਤਾ ਸੀ, ਤਾਂਕਿ ਬਾਲਮੀਕ ਰਾਮਾਇਣ ਦੀ ਮਹਿਮਾ ਨਾ ਘਟੇ। ਰਾਜੇ ਭੋਜ ਦੇ ਸਮੇਂ ਮੋਤੀ ਕੱਢਣ ਵਾਲੇ ਡਬੋਲੀਏ ਨੂੰ ਇਕ ਸ਼ਿਲਾ ਹੱਥ ਲਗੀ, ਜਿਸ ਦੇ ਪੇਸ਼ ਹੋਣ ਪੁਰ ਰਾਜੇ ਨੇ ਓਥੋਂ ਪੱਥਰਾਂ ਪੁਰ ਉੱਕਰਿਆ ਹੋਇਆ ਨਾਟਕ

ਕਢਵਾਇਆ, ਜੋ ਪ੍ਰਸੰਗ ਨਹੀਂ ਮਿਲੇ ਉਹ ਦਾਮੋਦਰ ਮਿਸ਼ਰ ਨੇ ਬਣਾਕੇ ਗ੍ਰੰਥ ਪੂਰਨ ਕੀਤਾ। ਇਸ ਦਾ ਹਿੰਦੀ ਅਨੁਵਾਦ ਭੱਲਾ ਕੁਲ ਦੇ ਰਤਨ ਕਿਸ਼ਨ ਦਾਸ ਦੇ ਸਪੁਤ੍ਰ ਕਵਿ ਹ੍ਰਿਦਯ ਰਾਮ ਨੇ ਬਾਦਸ਼ਾਹ ਜਹਾਂਗੀਰ ਦੇ ਸਮੇਂ ੧੬੮੦ ਵਿਚ ਕੀਤਾ ਹੈ।.....ਇਸ ਗ੍ਰੰਥ ਵਿਚ ਕਈ ਕਬਿਤ ਕਾਸ਼ੀ ਰਾਮ ਕਵੀ ਦੇ ਵੀ ਹਨ।" ਫੁਟ ਨੋਟ ਵਿਚ ਲਿਖਿਆ ਹੈ: "ਬਹੁਤ ਕਵੀ ਆਖਦੇ ਹਨ ਕਿ ਬਹਾਦਰ ਸ਼ਾਹ ਨੇ ਹ੍ਰਿਦਯਰਾਮ ਦੀ ਲਿਖੀ ਅਸਲ ਕਾਪੀ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਭੇਟਾ ਕੀਤੀ ਸੀ ਅਤੇ ਗੁਰੂ ਸਾਹਿਬ ਨੇ ਪਰਸੁਰਾਮ ਦੇ ਸੰਬਾਦ ਦੇ ਕੁਝ ਛੰਦ ਕਵਿ ਕਾਸ਼ੀ ਰਾਮ ਤੋਂ ਲਿਖਵਾਕੇ ਦਰਜ ਕਰਵਾਏ।"

ਉਪਰੋਕਤ ਦੋਹਾਂ ਟੂਕਾਂ ਤੋਂ ਸਿੱਧ ਹੁੰਦਾ ਹੈ ਕਿ ਹਨੂਮਾਨ ਨਾਟਕ ਬਹੁਤ ਸਾਰੇ ਕਵੀਆਂ ਦੀਆਂ ਰਚਨਾਵਾਂ ਦਾ ਸੰਗ੍ਰਹ ਹੈ। ਇਸ ਵਿਚ ਹ੍ਰਿਦਯ ਰਾਮ ਕਵੀ ਕੰਕਨ ਤੇ ਕਵੀ ਕਾਸ਼ੀ ਰਾਮ ਦੇ ਛੰਦ ਮੌਜੂਦ ਹਨ।

ਦਸ ਗੁਰ ਕਥਾ ਦਾ ਕਰਤਾ ਕਵੀ ਕੰਕਨ ਇਸ ਰਚਨਾ ਤੋਂ ਦਸਮ ਪਾਤਸ਼ਾਹ ਜੀ ਦਾ ਸਮਕਾਲੀ ਸਾਬਤ ਹੁੰਦਾ ਹੈ, ਕਿਉਂਕਿ ਇਸ ਦੀ ਕਵਿਤਾ ਵਿਚ ਦਸਮ ਪਾਤ੍ਰ-ਸ਼ਾਹ ਜੀਦੀ ਬਾਣੀ ਦਾ ਅਸਰ ਤੇ ਰੰਗ ਹੈ। ਦਸ ਗੁਰ ਕਥਾ ਦੇ ਆਰੰਭ ਵਿਚ ਲਿਖਿਆ ਹੈ:--

ਏਕੈ ਰੂਪ ਅਨੂਪ ਸਰੂਪਾ। ਦੇਵੀ ਦੇਵ ਚਹਤ ਜਿਹ ਭੂਪਾ।

ਚਉਪਈ ਵਿਚ ਗੁਰੂ ਗੋਬਿੰਦ ਸਿੰਘ ਜੀ ਲਿਖਦੇ ਹਨ :-

ਏਕੈ ਰੂਪ ਅਨੂਪ ਸਰੂਪਾ। ਰੰਕ ਭਯੋ ਰਾਵ ਕਹੀ ਭੂਪਾ।

ਇਕ ਥਾਂ ਹੋਰ ਕੰਕਨ ਨੇ ਲਿਖਿਆ ਹੈ :-

ਆਦਿ ਅੰਤ ਮਧ ਇਕ ਕਰਤਾਰਾ। ਨਾਉ ਚੌਬੀਸ ਏਕ ਆਧਾਰਾ।

ਚਉਪਈ ਵਿਚ ਦਸਮ ਪਾਤਸ਼ਾਹ ਲਿਖਦੇ ਹਨ :-

ਆਦਿ ਅੰਤਿ ਏਕੈ ਅਵਤਾਰਾ। ਸੋਈ ਗੁਰੂ ਸਮਝੀਓ ਹਮਾਰਾ।

ਫਿਰ ਇਕ ਥਾਂ ਹੋਰ ਕਵੀ ਕੰਕਣ ਲਿਖਦਾ ਹੈ :-

ਸਤਿ ਸਰੂਪ ਜਿਨ ਏਕ ਸੁਮਾਰਾ।
ਨਾਨਕ ਜਨਮ ਜਗਤ ਨਿਸਤਾਰਾ।

ਦਸਮ ਪਾਤਸ਼ਾਹ ਚੌਬੀਸ ਅਵਤਾਰ ਵਿਚ ਲਿਖਦੇ ਹਨ:-

ਅਬ ਚੌਬੀਸ ਉਚਰੋਂ ਅਵਤਾਰਾ। ਜਿਹ ਬਿਧਿ ਤਿਨਕਾ ਲਖਾ ਅਧਾਰਾ। ਜਬ ਜਬ ਹੋਤ ਅਰਿਸਟ ਅਧਾਰਾ। ਤਬ ਤਬ ਦੇਹ ਧਰਤ ਅਵਤਾਰਾ।

ਅਖਰਾਂ ਦੀ ਚੋਣ, ਭਾਵ, ਛੰਦਕ ਬਣਤਰ ਆਦਿ ਦਸਮ ਪਾਤਸ਼ਾਹ ਜੀ ਦੀ ਬਾਣੀ ਨਾਲ ਮੇਲ ਖਾਂਦੇ ਹਨ ਤੇ ਇਉਂ ਸਹੀ ਹੁੰਦਾ ਹੈ ਕਿ ਕਵੀ ਕੰਕਣ ਦਸਮ ਪਾਤਸ਼ਾਹ ਜੀ ਦੀਆਂ ਰਚਨਾਵਾਂ ਤੋਂ ਪ੍ਰੇਰਤ ਹੋਕੇ ਦਸ ਗੁਰ ਕਥਾ ਲਿਖ ਰਿਹਾ ਹੈ। ਇਸ ਕਰਕੇ ਦਸ ਗੁਰ ਕਥਾ—ਦਸਮ ਪਾਤਸ਼ਾਹ ਜੀ ਦੀ ਸਮਕਾਲੀ ਰਚਨਾ ਸਹੀ ਹੁੰਦੀ ਹੈ।

ਦਸ ਗੁਰ ਕਥਾ ਦਾ ਕਰਤਾ ਕਵੀ ਕੰਕਨ ਦਸਮ ਪਾਤਸ਼ਾਹ ਕੋਲ ਸ੍ਰੀ ਅਨੰਦਪੁਰ ਆਇਆ ਤੇ ਦਸ ਗੁਰ ਕਥਾ ੧੬੯੯ ਈ: ਵਿਚ ਲਿਖੀ ਸਿਧ ਹੁੰਦੀ ਹੈ, ਕਿਉਂਕਿ ਇਸ ਵਿਚ ਖਾਲਸਾ ਸਾਜਣ ਪਿਛੋਂ ਦੇ ਕਵੀ ਨੇ ਕੋਈ ਹਾਲ ਨਹੀਂ ਲਿਖੇ। ੨੯ ਮਾਰਚ ੧੬੯੯ ਈਸਵੀ ਨੂੰ ਗੁਰੂ ਸਾਹਿਬ

ਨੇ ਖਾਲਸਾ ਸਾਜਿਆ ਸੀ, ਜਿਸ ਤੋਂ ਕਵੀ ਬਹੁਤ ਪ੍ਰਭਾਵਿਤ ਹੋਇਆ ਤੇ ਖਾਲਸਾ ਸਾਜਣ ਦਾ ਬ੍ਰਿਤਾਂਤ ਦੇਕੇ ਖਾਲਸੇ ਦੀ ਮਹਿਮਾ ਲਿਖਕੇ ਗ੍ਰੰਥ ਦੀ ਸਮਾਪਤੀ ਕਰ ਦਿੰਦਾ ਹੈ। ਅਸਲ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੀ ਕਿਸੇ ਘਟਨਾ ਨੂੰ ਕਵੀ ਕੰਕਣ ਨੇ ਐਨੀ ਮਹਾਨਤਾ ਨਹੀਂ ਦਿਤੀ ਜਿੰਨੀ ਕਿ ਉਸ ਨੇ ਖਾਲਸਾ ਪੰਥ ਸਾਜਣ ਤੇ ਖਾਲਸੇ ਦੀ ਰਹਿਤ ਮਰਿਯਾਦਾ ਦੇ ਦੱਸਣ ਨੂੰ ਦਿੱਤੀ ਹੈ। ਇਉਂ ਪ੍ਰਤੀਤ ਹੁੰਦਾ ਹੈ ਕਿ ੧੬੯੯ ਈ. ਵਿਚ ਥੋੜਾ ਚਿਰ ਹੀ ਕਵੀ ਕੰਕਣ ਦਸਮ ਪਾਤਸ਼ਾਹ ਦੇ ਦਰਬਾਰ ਵਿਚ ਰਿਹਾ ਹੈ ਤੇ ਫੇਰ ਚਲਾ ਗਿਆ ਹੈ।

ਇਕ ਗੱਲ ਹੋਰ ਵੇਖਣ ਵਿਚ ਆਈ ਹੈ ਕਿ ਕਵੀ ਨੇ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਜੀਵਨ ਦਾ ਤੇ ਯੁੱਧਾਂ ਦਾ ਹਾਲ ਚੰਗੇ ਵਿਸਥਾਰ ਨਾਲ ਦਿੱਤਾ ਹੈ। ਭਾਈ ਬਿਧੀ ਚੰਦ ਨੂੰ ਹਨੂਮਾਨ ਦਾ ਰੂਪ ਦਰਸਾਇਆ ਹੈ :-

ਰਾਮਚੰਦ ਜੈਸੀ ਕ੍ਰਿਪਾ ਹਨੂਮਾਨ ਪਰ ਕੀਨ ॥
ਸੋਈ ਪਦਵੀ ਬਿਧੀ ਚੰਦ ਵਾਹਿਗੁਰੂ ਤੇ ਲੀਨ ॥

ਇਸ ਦੇ ਦੋ ਸਿੱਟੇ ਨਿਕਲ ਸਕਦੇ ਹਨ :-

੧. ਦਸ ਗੁਰ ਕਥਾ ਦਾ ਲਿਖਾਰੀ ਉਹ ਹੀ ਕਵੀ ਕੰਕਣ ਹੈ ਜਿਸ ਦੇ ਛੰਦ ਹਨੂਮਾਨ ਨਾਟਕ ਵਿਚ ਦਰਜ ਦੱਸੇ ਗਏ ਹਨ।

੨. ਹੋ ਸਕਦਾ ਹੈ ਕਿ ਇਹ ਕਵੀ ਕੰਕਣ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਸਮਕਾਲੀ ਹੋਵੇ ਤੇ ਬਿਰਧ ਅਵਸਥਾ ਵਿਚ ਦਸਮ ਪਾਤਸ਼ਾਹ ਜੀ ਦੇ ਦਰਬਾਰ, ਸ੍ਰੀ ਅਨੰਦ

ਪੁਰ ਸਾਹਿਬ, ਪਹੁੰਚਾ ਹੋਵੇ। ਉਸ ਦੇ ਸਾਹਮਣੇ ਸ਼ਾਹ-ਜਹਾਨ ਦਾ ਸਮਾਂ ਹੈ, ਜਿਸ ਬਾਰੇ ਉਹ ਲਿਖਦਾ ਹੈ :-

ਦਿਲੀ ਮੇਂ ਸ਼ਾਹਜਹਾਨ ਬਸੇ ਸਭ ਹਿੰਦ ਕੇ ਰਾਜ ਕਾ ਭੂਪ ਕਹਾਵੈ॥ ਬੀਸ ਔ ਏਕ ਸਹਸ੍ਰ ਕੋਸ ਮੇਂ ਔਰ ਨ ਭੁਪਤ ਰਾਜ ਕਮਾਵੈ॥ ਸੂਬੇ ਬੀਸ ਲਾਹੌਰ ਸਮੇਤ ਸੁ ਏਕ ਤੇ ਏਕ ਅਨੂਪ ਦਿਖਾਵੈ॥ ਸਾਰਸੁਤੀ ਕਿਰਪਾ ਕਰ ਹੈ ਕਵਿ ਕੰਕਨ ਤੁਝੈ ਸਭ ਨਾਮ ਸੁਨਾਵੈ।

ਸ਼ਾਹ ਜਹਾਨ ਦੇ ਸਮੇਂ ਮੁਗਲਾਂ ਦੇ ਸੂਬਿਆਂ ਦੇ ਨਾਮ ਵਿਸਥਾਰ ਨਾਲ ਇਸ ਨੇ ਦਿੱਤੇ ਹਨ। ਔਰੰਗਜ਼ੇਬ ਦੀਆਂ ਜਿੱਤਾਂ ਦਾ ਕਥਨ ਨਹੀਂ ਕੀਤਾ ਤੇ ਨਾ ਹੀ ਕਿਸੇ ਹੋਰ ਮੁਗ਼ਲ ਬਾਦਸ਼ਾਹ ਦਾ ਹਾਲ ਦਿੱਤਾ ਹੈ। ਇਸ ਤੋਂ ਬੀ ਸਿੱਧ ਹੁੰਦਾ ਹੈ ਕਿ ਵੀਹ ਵਿਸਵੇ ਇਹ ਕੰਕਣ ਉਹ ਹੀ ਕੰਕਣ ਹੈ ਜਿਸ ਦੇ ਛੰਦ ਹਨੂਮਾਨ ਨਾਟਕ ਵਿਚ ਹੈਨ ਤੇ ਇਸੇ ਨੇ ਹੀ ਬਿਰਧ ਅਵਸਥਾ ਵਿਚ ਦਸ ਗੁਰ ਕਥਾ ਲਿਖੀ ਹੈ।

ਦਸ ਗੁਰ ਕਥਾ ਦੀ ਇਕੋ ਇਕ ਕਾਪੀ ਪਬਲਿਕ ਲਾਇਬਰੇਰੀ ਲਾਹੌਰ ਵਿਚ ਪਈ ਹੈ। ਇਨ੍ਹਾਂ ਸਤਰਾਂ ਦਾ ਲਿਖਾਰੀ ਜਦੋਂ ੧੯੮੬ ਵਿਚ ਲਾਹੌਰ ਗਿਆ ਤਾਂ ਉਸ ਨੇ ਇਸ ਹੱਥ ਲਿਖਤ ਦੀ ਇਕ ਫੋਟੋ ਕਾਪੀ ਖਾਲਸਾ ਕਾਲਜ ਅੰਮ੍ਰਿਤਸਰ ਦੇ ਸਿੱਖ ਹਿਸਟਰੀ ਰੀਸਰਚ ਡੀਪਾਰਟਮੈਂਟ ਵਾਸਤੇ ਲਿਆਂਦੀ। ਇਸ ਲਿਖਤ ਨੂੰ ਸੁਖੈਨ ਕਰਨ ਲਈ ਥਾਂ ਥਾਂ ਤੇ ਫੁਟਨੋਟਾਂ ਵਿਚ ਅਰਥ ਦੇ ਦਿਤੇ ਗਏ ਹਨ ਤਾਂ ਜੋ ਪਾਠਕਾਂ ਨੂੰ ਪੜ੍ਹਨ ਵਿਚ ਸੌਖ ਰਹੇ। —ਕਿਰਪਾਲ ਸਿੰਘ

ੴ ਸਤਿਗੁਰ ਪ੍ਰਸਾਦਿ ॥

ਅਥ ਕਵਿ ਕੰਕਣ ਕ੍ਰਿਤ

ਸੰਖੇਪ ਤੇ ਦਸਗੁਰ ਕਥਾ

ਚੌਪਈ ॥ ਸ੍ਰੀ ਗੁਰੂ ਥਪਏ ਕਰਤਾਰਾ ॥ ਨਾਨਕ ਰੂਪ ਧਰਾ ਸੰਸਾਰਾ ॥ ਏਕੈ ਰੂਪ ਅਨੂਪ ਸਰੂਪਾ[1] ॥ ਦੇਵੀ ਦੇਵ ਚਹਿਤ ਜਿੰਹ ਭੂਪਾ ॥ ੧ ॥ ਸਗਲ ਭੁਵਨ ਕਾ ਤਾਰਕ[2] ਜਾਨੋ ॥ ਸਤਿ ਸਰੂਪ ਪਰਮਾਤਮ ਮਾਨੋ ॥ ਕੇਵਲ ਪ੍ਰੇਮ ਕੀ ਅੰਮ੍ਰਿਤ ਖਾਨਾ ॥ ਨਾਨਕ ਰੂਪ ਧਰਾ ਜਗ ਆਨਾ ॥ ੨ ॥ ਆਦਿ ਅੰਤ ਮਧ ਇਕ ਕਰਤਾਰਾ ॥ ਨਾਉ ਚਉਬੀਸ ਏਕ ਆਧਾਰਾ[3] ॥ ਸਤਿ ਸਰੂਪ ਜਿਨ ਏਕ ਸੁਮਾਰਾ[4] ॥ ਨਾਨਕ ਜਨਮ ਜਗਤ ਨਿਸਤਾਰਾ ॥ ੩ ॥ ਦੋਹਰਾ ॥ ਸਭ ਪ੍ਰਿਤਪਾਲਕ ਗੁਬਿੰਦ ਹੈ ਅੰਤਰਜਾਮੀ ਸੋਇ ॥ ਛਿਅ ਚਾਰ ਉਪਮਾ[5]

---

[1]ਭਾਵ ਇਕੋ ਅਕਾਲ ਪੁਰਖ ਦਾ ਰੂਪ ਸਨ ਗੁਰੂ ਨਾਨਕ। ਹੂਬਹੂ ਇਹੋ ਤੁਕ ਸ੍ਰੀ ਮੁਖਵਾਕ ਪਾ. ੧੦ ਚੌਪਈ ਵਿਚ ਹੈ। [2]ਤਾਰਨਹਾਰ। [3]ਨਾਮ ਭਾਵੇਂ ਅਵਤਾਰਾਂ ਦੇ ੨੪ ਧਰ ਲਓ, ਪਰ ਓਹ ਹੈਨ ਇਕੋ ਦੇ ਆਧਾਰ।

[4]ਗਿਣਿਆਂ।

[5]ਛੇ ਤੇ ਚਾਰ ਭਾਵ ਦਸਾਂ ਸਤਿਗੁਰਾਂ ਦੀ ਉਪਮਾ।

ਕਹੌਂ ਨਾਨਕ ਕਰੈ ਸੁ ਹੋਇ ॥ ੪ ॥ ਸ੍ਵੈਯਾ ॥ ਏਹੁ ਕਿਯਾ ਉਪਕਾਰ ਬਡਾ ਗੁਰ ਅੱਛਰ ਬੇਦਨ ਕੇ ਪਲਟਾਏ[ੲ] ॥ ਗੁਰਮੁਖਿ ਅਖਰ ਕੀਨੇ ਤਬੈ ਜਬ ਕੈਸਿਓਂ ਕੋ ਨਰ ਕਸ਼ਟ ਨ ਪਾਏ[੨] ॥ ਐਸੀ ਹੁਤੀ ਜਗ ਮੈਂ ਨ ਕਦਾਚਿਤ ਮੋ ਸੇ ਗ਼ਰੀਬ ਕੋ ਕੌਨ ਸਿਖਾਏ ॥ ਖਸ਼ਟ ਹੀ ਮਾਸ ਮੈਂ ਹੋਤ ਪਰਾਪਤ ਬੁਧਿ ਬਿਹੀਨ ਕੋ ਕੌਨ ਬਤਾਏ[੩] ॥੫॥ ਦੋਹਰਾ ॥ ਧੰਨ ਧੰਨ ਨਾਨਕ ਗੁਰੂ ਕੀਨਾ ਪਰ-ਉਪਕਾਰ ॥ ਅੱਛਰ ਕਾ ਪੁਲ ਬਾਂਧਿਕੈ ਸ੍ਰਿਸ਼ਟਿ ਉਤਾਰੀ ਪਾਰ ॥ ੬ ॥

ਸ੍ਰੀ ਗੁਰੂ ਅੰਗਦ ਦੇਵ ਜੀ

ਸੋਰਠਾ ॥ ਜੋਤਹਿ ਜੋਤਿ ਮਿਲਾਇ ਨਾਨਕ ਗੁਰ ਅੰਗਦ ਕੀਆ ॥ ਦਈ ਥਾਪਨਾ ਤਾਂਹਿ ਦੀਪ ਜਗਾਯੋ ਦੀਪ ਸੋਂ ॥ ੭ ॥ ਸ੍ਵੈਯਾ ॥ ਥਾਪ ਕੀਆ ਲਹਿਣਾ ਗੁਰੁ ਅੰਗਦ ਅੰਗ ਸੋਂ ਲਾਇ ਦਈ ਗੁਰਿਆਈ ॥ ਰੂਪ ਭਏ ਬਿਬ[੪] ਜੋਤਿ ਵਹੀ ਜੈਸੇ ਦੀਪ ਕੀ ਜੋਤਿ ਸੋਂ ਦੀਪ ਜਗਾਈ ॥ ਐਸੇ ਹੀ ਰੂਪ ਭਏ ਗੁਰ ਅੰਗਦ

[ੲ]ਭਾਵ ਵੇਦ ਔਖੇ ਸਨ, ਪਰ ਗੁਰੂ ਜੀ ਨੇ ਸੁਗਮ ਬਾਣੀ ਰਚੀ, ਜਿਸ ਦੀ ਮਹਾਨਤਾ ਵੇਦਾਂ ਸਮਾਨ ਹੈ।

[੨]ਤਾਂ ਜੋ ਲੋਕ ਸੌਖੇ ਬਾਣੀ ਪੜ੍ਹ ਸਕਣ।

[੩]ਭਾਵ ਗੁਰਮੁਖੀ ਤਾਂ ਮੂਰਖ ਬੀ ਛੇ ਮਹੀਨੇ ਵਿਚ ਸਿਖ ਲੈਂਦਾ ਹੈ, ਪਰ ਸੰਸਕ੍ਰਿਤ ਨੂੰ ਕਿਵੇਂ ਕੋਈ ਮੂਰਖ ਸਿਖਦਾ।

[੪]ਦੋ।

ਤੀਨ ਹੂੰ ਲੋਕ ਮੈਂ ਦੀਪ ਜਗਾਈ ॥ ਮਾਨਹੁ ਫੇਰ ਲਿਯਾ ਅਵਤਾਰ ਸੁ ਕਲਿਜੁਗ ਮੇ ਨਿਜ ਆਨ ਕਨ੍ਹਾਈ[10] ॥ ੮ ॥ ਸਿਖ ਭਏ ਗੁਰ ਅੰਗਦ ਕੇ ਸਭ ਦੇਵ ਔ ਦੈਂਤ ਮਨੁੱਖ ਸਬਾਏ ॥ ਜੋਗੀ ਔ ਜੰਗਮ ਸ਼ੇਖ ਮਸ਼ਾਇਖ ਪੀਰ ਫਕੀਰ ਸਭੈ ਮਿਲਿ ਆਏ ॥ ਰਾਇ ਔ ਰੰਕ ਸਭੈ ਮਿਲਿਕੈ ਗੁਰ ਚਰਨਨ ਉਪਰ ਸੀਸ ਨਿਵਾਏ ॥ ਸਿੱਧ ਔ ਸਾਧ ਜਪੈਂ ਗੁਰ ਕੋ ਤਾਂਤੇ ਕਾਲ ਕੇ ਜਾਲ ਕੇ ਬੀਚ ਨ ਪਾਏ ॥ ੯ ॥ ਪ੍ਰੀਤ ਕਰੋ ਗੁਰ ਅੰਗਦ ਸੋਂ, ਮਨ ! ਯਾਹੀ ਤੇ ਛੂਟਨ ਹੋਇ ਤੁਮਾਰਾ ॥ ਔਰ ਉਪਾਵ ਨ ਛੂਟਨ ਪਾਵੈਂਗੋ ਕਾਲ ਹੈ ਸੀਸ ਪੈ ਦੇਖਨਹਾਰਾ ॥ ਚਾਰ ਹੀ ਜੁੱਗ ਸੋਂ ਚਾਰ ਹੀ ਅਖਰ ਆਨਕੀਆ ਜਗ ਮਾਂਹਿ ਪਸਾਰਾ[11] ॥ ਯਾਂਕੇ ਸਮਾਨ ਨਹੀ ਕਲਿ ਮੈਂ ਕੋਊ, 'ਵਾਹਿਗੁਰੂ' ਜਪਦਾ ਜਗ ਸਾਰਾ ॥ ੧੦ ॥ ਏਕ ਹੀ ਬਾਰ ਜਪੈ ਗੁਰ ਕੋ ਕੋਊ, ਕਾਲ ਕੋ ਡੰਡ ਨ ਮੂੰਡ ਪੈ ਆਵੈ[12] ॥ ਲੀਨ ਭਯੋ ਗੁਰ ਚਰਨਨ ਸੋਂ ਜੋਊ ਤੀਨ ਹੂੰ ਲੋਕ ਮੈਂ ਸੋ ਨਰ ਭਾਵੈ ॥ ਚਰਨ ਬਸੈਂ ਗੁਰ ਕੇ ਜਿਸਕੇ ਉਰ[13] ਭੂਪਨ ਕੋ ਵਹ ਭੂਪ ਕਹਾਵੈ ॥ ਚਾਰ ਪਦਾਰਥ ਸੋ ਨਰ ਪਾਵਤ ਵਾਹਿਗੁਰੂ ਇਕ ਵਾਰ ਬੁਲਾਵੈ ॥ ੧੧ ॥

---

[10] ਸ੍ਰੀ ਕ੍ਰਿਸ਼ਨ ਨੇ। [11] ਫੈਲਾਉ, ਪ੍ਰਚਾਰ।

[12] ਕਾਲ ਦਾ ਡੰਡਾ ਉਸ ਦੇ ਸਿਰ ਤੇ ਨਹੀਂ ਵੱਜੇਗਾ।

[13] ਜਿਸ ਦੇ ਹਿਰਦੇ ਵਿਚ ਸਤਿਗੁਰਾਂ ਦੇ ਚਰਨ ਵੱਸ ਜਾਣ।

ਵਾਹਿਗੁਰੂ ਉਚਰੈ ਮੁਖ ਤੇ ਤਿਸੁ ਰੋਗ ਔ ਸੋਗ ਕਿ ਭਉ ਨ ਬਿਆਪੈ ॥ ਵਾਹਿਗੁਰੂ ਉਚਰੈ ਮੁਖ ਤੇ ਤਿਸੁ ਕਾਲ ਔ ਬਜਾਲ[੧੪] ਨਹੀ ਕੋਉ ਖਾਪੈ ॥ ਗੋਬਿੰਦ ਔ ਗੁਰ ਭੇਦ ਨਹੀਂ ਗੁਰ ਚਾਰ ਹੀ ਜੁੱਗ ਹੈ ਆਪ ਹੀ ਆਪੈ[੧੫] ॥ ੧੨ ॥

ਸ੍ਰੀ ਗੁਰੂ ਅਮਰਦਾਸ ਜੀ

ਦੋਹਰਾ ॥ ਅਮਰਦਾਸ ਕੋ ਥਾਪਨਾ ਗੁਰ ਅੰਗਦ ਸਭ ਕੀਨ ਟਹਿਲ ਕਮਾਈ ਗੁਰੂ ਕੀ ਉੱਤਮ ਪਦਵੀ ਲੀਨ ॥੧੩॥ ਅਮਰਦਾਸ ਗੁਰ ਟਹਿਲ ਮੈ ਦਿਵਸ ਰਾਤਿ ਬੀਤਾਇ ॥ ਤਾਂਤੇ ਗੁਰਿਆਈ ਲਈ ਧੰਨ ਤਾਤ ਤਿਸ ਮਾਇ[੧੬] ॥੧੪॥ ਗੁਰ ਅੰਗਦ ਗੁਰ ਅਮਰ ਮੈਂ ਭੇਦ ਨ ਦੂਸਰ ਕੋਇ ਬਾਸਨ[੧੭] ਅਵਰੁ ਪਛਾਨੀਏ ਵਸਤੁ ਏਕ ਹੀ ਹੋਇ ॥੧੫॥ ਸ੍ਵੈਯਾ ॥ ਵਸਤੁ ਵਹੀ ਅਰੁ ਬਾਸਨ ਔਰ ਹੈ ਯਾਹਿ ਮੈਂ ਭੇਦ ਨ ਦੂਸਰ ਕੋਈ । ਨਾਨਕ ਰੂਪ ਗਿਨੋ ਸਭ ਹੀ ਤੁਮ, ਭੇਦ ਕਹੈ ਨਰ ਪਾਪੀ ਹੈ ਸੋਈ । ਲਾਖ ਉਪਾਵ ਕਰੈ ਜਗ ਮੈ ਕੋਉ ਬਾਝ ਗੁਰੂ ਕਲਜਾਨ ਨ ਹੋਈ[੧੮] ॥ ੧੬ ॥ ਤਾਰਿ

---

[੧੪]ਮੌਤ ਤੇ ਦੁਖਦਾਈ ਦੁਸ਼ਟ ਯਾ ਰੋਗ ।

[੧੫]ਇਸ ਛੰਦ ਵਿਚ ਇਕ ਚਰਨ ਘੱਟ ਹੈ ।

[੧੬]ਧੰਨਜਤਾ ਜੋਗ ਹਨ ਉਨ੍ਹਾਂ ਦੇ ਮਾਤਾ ਪਿਤਾ ।

[੧੭]ਬਰਤਨ, ਭਾਂਡਾ, ਮੁਰਾਦ ਸਰੀਰ ਤੋਂ ਹੈ ।

[੧੮]ਇਸ ਛੰਦ ਵਿਚ ਬੀ ਇਕ ਚਰਨ ਘੱਟ ਹੈ ।

ਸ਼ਿਲਾ[19] ਔ ਉਧਾਰ ਕੀਓ ਬਲਿ[20] ਛੰਧਕ ਕੋ ਪਗ ਲਾਗ ਤਰਾਯਾ। ਰਾਖੀ ਹੈ ਲਾਜ ਦਰੋਪਦੀ ਕੀ ਜਿਨ ਹਸਤੀ ਗ੍ਰਾਹ ਤੇ ਆਨਿ ਛੁਡਾਯਾ[21]। ਤਾਰੀ ਗਣਿਕਾ ਉਧਾਰ ਅਜਾਮਲ ਲੰਕ ਬਭੀਖਨ ਰਾਜ ਦਿਵਾਯਾ। ਤੇ ਪਸ ਸੰਗਤ ਤਾਰਨ ਕੋ ਅਬ ਹੋਇ ਗੁਰੂ ਨਿਜ ਰੂਪ ਦਿਖਾਯਾ ॥੧੭॥ ਜੋ ਗੁਰ ਲੋਭ ਕਰੇ ਮਨ ਮੈ ਤਉ ਬਾਵਨ ਰੂਪ ਪਛਾਨ ਰੇ ਭਾਈ[22]। ਕਾਮ ਮੈ ਲੀਨ ਦਿਖਾਵਤ ਜੋ ਗੁਰ ਮੋਹਨ ਮੈ ਕਛੁ ਭੇਦ ਨ ਰਾਈ[23]। ਜੋ ਗੁਰ ਕ੍ਰੋਧ ਕਰੈ ਮਨ ਮੈਂ

---

[19]ਗੌਤਮ ਦੀ ਇਸਤ੍ਰੀ ਜੋ ਪਤੀ ਦੇ ਸ੍ਰਾਪ ਨਾਲ ਸ਼ਿਲਾ ਬਣ ਗਈ ਸੀ, ਉਸ ਨੂੰ ਰਾਮਚੰਦ੍ਰ ਰੂਪ ਵਿਚ ਤਾਰਿਆ।

[20]ਬਲੀ ਰਾਜਾ, ਪ੍ਰਹਲਾਦ ਦਾ ਪੋਤ੍ਰਾ, ਜਿਸਨੂੰ ਵਿਸ਼ਨੂੰ ਦੇ ਬਾਵਨ ਰੂਪ ਨੇ ਛਲਿਆ।

[21]ਹਾਥੀ ਨੂੰ ਤੰਦੂਏ ਤੋਂ ਆਕੇ ਛੁਡਾਯਾ।

[22]ਜੇ ਗੁਰੂ ਜੀ ਦੇ ਕਰਤੱਵਜਾਂ ਵਿਚ ਤੈਨੂੰ ਕੋਈ ਲੋਭ ਦੀ ਗੱਲ ਦਿੱਸੀ ਹੈ ਤਾਂ ਆਪਣੇ ਮਨ ਵਿਚ ਪਛਾਣ ਲੈ ਕਿ ਇਹ ਵਿਸ਼ਨੂ ਦੇ ਬਾਵਨ ਰੂਪ ਦਾ ਵਸਫ ਹੈ, ਜਿਸ ਨੇ ਢਾਈ ਕਰਮਾਂ ਵਿਚ ਅਕਾਸ਼, ਪਤਾਲ ਤੇ ਬਲੀ ਦਾ ਸਰੀਰ ਨਾਪਕੇ ਸਭ ਲੈ ਲਏ ਸਨ, ਪਰ ਫੇਰ ਪਤਾਲ ਦਾ ਰਾਜ ਦੇ ਦਿੱਤਾ ਸੀ।

[23]ਜੇ ਗੁਰੂ ਪੁਤ੍ਰ ਪਰਿਵਾਰ ਵਾਲਾ ਹੋਣ ਤੇ ਤੈਨੂੰ ਉਸ ਵਿਚ ਕਾਮ ਵਾਸ਼ਨਾ ਦਿੱਸਦੀ ਹੈ ਤਾਂ ਸਮਝ ਲੇ ਕਿ ਸ੍ਰੀ ਕ੍ਰਿਸ਼ਨ ਦਾ ਰੂਪ ਹਨ ਜੋ ਜ਼ਾਹਰਾ ਗੋਪੀਆਂ ਵਿਚ ਵਿਚਰਦੇ ਸਨ ਪਰ ਕਾਮੀ ਨਹੀਂ ਸਨ।

ਨਰਸਿੰਘ ਹ੍ਵੈਕੈ ਮਨ ਦੇਤ ਦਿਖਾਈ[24]। ਰਾਮ ਹੀ ਜਾਨ ਬਿਯੋਗ ਮੈ ਦੇਖਕੈ ਸਾਂਚ ਕੀ ਕਾਂਤ ਤੁਝੈ ਸਮਝਾਈ[25] ॥੧੮॥ ਜੋ ਗਿਨਤੀ ਕਰਿ ਹੈ ਗੁਰ ਕੀ[26] ਤਊ ਆਵਤ ਜਾਵਤ ਠੌਰ ਨ ਪਾਵੈ। ਨਾਹਿ ਕੋਊ ਗੁਰ ਕੇ ਸਮ ਸਾਜਨ[27] ਤੀਨ ਹੂੰ ਲੋਗ ਮੈਂ ਢੂੰਡਨ ਜਾਵੈ। ਕਾਲ ਕੇ ਜਾਲ ਮੈਂ ਆਇ ਪਰੈ ਜਬ ਬਾਝ ਗੁਰੂ ਤਬ ਕੌਨ ਛੁਡਾਵੈ। ਮਾਰਗ ਹੈ ਨਿਰਭੈ ਗੁਰ ਕਾ ਇਸ ਮਾਰਗ ਜਾਇ ਤਊ ਸੁਖ ਪਾਵੈ ॥੧੯॥ ਭਾਨ[28] ਸਮਾਨ ਕਹੋ ਗੁਰ ਗਯਾਨ ਜੋ

---

[24]ਜੇ ਕਿਸੇ ਦ੍ਰੋਹੀ ਨੂੰ ਦੰਡਣ ਵੇਲੇ ਗੁਰੂ ਵਿਚ ਤੈਨੂੰ ਕ੍ਰੋਧ ਦਿੱਸਦਾ ਹੈ ਤਾਂ ਸਮਝ ਲੈ ਕਿ ਆਪ ਨਰਸਿੰਘ ਸਰੂਪ ਹਨ (ਜਿਸ ਨੇ ਭਗਤ ਪ੍ਰਹਲਾਦ ਦੀ ਰਖਯਾ ਹਿਤ ਹਰਨਾਕਸ਼ ਨੂੰ ਮਾਰਿਆ ਸੀ)।

[25]ਜੇ ਕਿਸੇ ਵੇਲੇ ਗੁਰੂ ਨੂੰ ਤੂੰ ਵਿਯੋਗ ਵਿਚ ਵੇਖਕੇ (ਦ੍ਰਵਣਤਾ ਦੇ ਰੰਗ ਵਿਚ) ਦੇਖਦਾ ਹੈਂ ਤਾਂ ਰਾਮ ਦਾ ਸਰੂਪ ਜਾਣ (ਜੋ ਸੀਤਾ ਦੇ ਬਿਰਹ ਵਿਚ ਦੁਖੀ ਹੋਏ ਸੇ) ਇਹ ਤੈਨੂੰ ਮੈਂ (ਸਾਚ ਕੀ ਕਾਂਤ=) ਸੱਚੀ ਖ਼ੂਬਸੂਰਤੀ ਸਮਝਾਈ ਹੈ।

[26]ਭਾਵ ਜੋ ਸਤਿਗੁਰਾਂ ਨੂੰ ਵੱਖ ਵੱਖ ਰੂਪ ਵੇਖਦਾ ਹੈ, ਇਕ ਰੂਪ ਨਹੀਂ ਵੇਖਦਾ ਅਥਵਾ ਸਤਿਗੁਰਾਂ ਬਾਰੇ ਸ਼ਰਧਾਹੀਨ ਸੋਚਾਂ ਵਿਚ ਪੈਂਦਾ ਹੈ ਉਹ ਜੰਮਦਾ ਮਰਦਾ ਰਹੇਗਾ।

[27]ਮਿੱਤ੍ਰ, ਸਹਾਇਕ। [28]ਸੂਰਜ।

ਭਾਨ ਦੂਰੇ[29] ਤਬ ਹੋਤ ਅੰਧੇਰਾ। ਜੋ ਗੁਰ ਗਯਾਨ ਨ ਪਾਵਤ ਹੈ ਨਰ ਯਾਹੀ ਤੇ ਹੋਵਤ ਦੂਖ ਘਨੇਰਾ। ਹੈ ਦਿਨ ਚਾਰ ਯਹਾਂ ਰਹਿਨਾ ਜਸ ਬ੍ਰਿੱਛ ਪੈ ਪੰਛਨ ਰੈਨ ਬਸੇਰਾ। ਨੈਨ ਕੇ ਦੇਖਤ ਚਾਲਤ ਹੈ ਜਗ ਕਿਉਂ ਨ ਪਤੀਜਤ ਰੇ ਮਨ ਮੇਰਾ ॥੨੦॥

ਸ੍ਰੀ ਗੁਰੂ ਰਾਮਦਾਸ ਜੀ

ਦੋਹਰਾ॥ ਸਤਿਗੁਰ ਸਕਲ ਜਹਾਨ ਕੇ ਸੋਢੀ ਬੰਸ ਕਹਾਇ ॥
ਰਾਮਦਾਸ ਗੁਰ ਨਾਮ ਹੈ ਜਨਮੇ ਪ੍ਰਗਟੇ ਆਇ ॥ ੨੧ ॥
ਆਵਤ ਹੀ ਗੁਰ ਚਰਨ ਕੀ ਕੀਨੀ ਹੈ ਜਿਨ ਪੂਜ ॥
ਸੀਸ ਨਿਵਾਇਆ ਚਰਨਪਰ ਭੇਟ ਰਾਖ ਖਰਬੂਜ[30]॥੨੨॥

---

[29]ਸੂਰਜ ਛੁਪ ਜਾਏ ਤਾਂ।

[30]ਇਸ਼ਾਰਾ ਉਸ ਸਾਖੀ ਵਲ ਜਾਪਦਾ ਹੈ, ਜੋ ਬ੍ਰਾਹਮਣਾਂ ਤੇ ਖੱਤ੍ਰੀਆਂ ਵਲੋਂ ਇਕ ਫਰਿਯਾਦ ਅਕਬਰ ਪਾਸ ਹੋਣ ਤੇ ਕਿ ਗੁਰੂ ਜੀ ਨੇ ਪੁਰਾਣੀ ਮਰਿਯਾਦਾ ਵਿਗਾੜਕੇ ਚਾਰਾਂ ਵਰਨਾਂ ਦਾ ਭੇਦ ਮਿਟਾ ਦਿੱਤਾ ਹੈ ਤੇ ਨਵਾਂ ਧਰਮ ਤੋਰ ਲਿਆ ਹੈ ਉਨ੍ਹਾਂ ਨੂੰ ਰੋਕੋ, ਤਾਂ ਸੱਦਾ ਆਉਣ ਤੇ ਗੁਰੂ ਜੀ ਨੇ ਸ੍ਰੀ ਰਾਮਦਾਸ ਜੀ ਨੂੰ ਭੇਜਿਆ ਸੀ, ਜਿਨ੍ਹਾਂ ਅਕਬਰ ਦੀ ਕਚਹਿਰੀ ਵਿਚ ਵਿਜੈ ਪਾਈ, ਮੁੜੇ ਤਾਂ ਕੁਰੱਤਾ ਅੰਬ ਬਾਜ਼ਾਰ ਵਿਚ ਦੇਖਿਆ ਤਾਂ ਸਤਿਗੁਰੂ ਜੀ ਦੀ ਭੇਟ ਲਈ ਲਾਹੌਰੋਂ ਖਰੀਦ ਕੇ ਟੁਰੇ ਸਨ। ਖ਼ਰਬੂਜ਼ਾ ਨਹੀਂ, ਉਹ ਅੰਬ ਸੂਰਜ ਪ੍ਰਕਾਸ਼ ਵਿਚ ਲਿਖਿਆ ਹੈ।

ਮਾਨ ਲਈ ਤਬ ਅਮਰ ਗੁਰ ਭੇਟ ਭਈ ਪਰਵਾਨ ॥
ਗੁਰਿਆਈ ਦੀਨੀ ਤਿਸੈ ਜਾਨੈ ਸਗਲ ਜਹਾਨ ॥ ੨੩ ॥
ਸਵੈਯਾ ॥ ਮਾਨੀ ਹੈ ਭੇਟ ਜਜੋਂ ਬਿੱਪ ਕੇ ਤੰਦੁਲ[੩੧] ਭੀਲਨਿ
ਕੇ ਫਲ ਸਜ ਮ ਕਨ੍ਹਾਈ[੩੨] ॥ ਸਾਭ ਹੀ ਵਾਂਗ ਹੀ
ਯਾ ਖਰਬੂਜ[੩੩] ਸੋ ਖਾਇਕੈ ਦੀਨੀ ਹੈ ਚਾਇਗੁਰਾਈ ॥
ਸਾਤ ਹੀ ਵਾਗ ਕੀ ਸਾਤੋਂ ਹੀ ਥਾਪਨਾ[੩੪] ਵਾਹਿਗੁਰੂ
ਮੁਖ ਆਖਿ ਸੁਨਾਈ ॥ ਵਾਹੂ[੩੫] ਤੇ ਆਗੇ ਗੁਰਾਈ
ਜਗੱਤ ਕੀ ਸੋਢੀ ਹੀ ਕੇ ਘਰ ਮਾਂਹਿ ਰਹਾਈ ॥੨੪॥
ਸੋਢੀ ਕੋ ਬੰਸ ਸੁ ਬੰਸ ਬਡੋ ਇਸ ਬੰਸ ਸਮਾਨ ਨਹੀ
ਕੋਊ ਹੂਆ ॥ ਹੈ ਰਘੁਬੰਸ ਕੀ ਬੰਸ ਇਹੈ ਜਿਸ
ਰਾਮ ਕੇ ਹਾਥ ਤੇ ਰਾਵਨ ਮੂਆ ॥ ਸੋ ਕੁਲ ਮੇਂ
ਰਾਮਦਾਸ ਭਏ ਉਸ ਰਾਮ ਔ ਯਾਹੀ ਮੇਂ ਭੇਦ ਨ
ਦੂਆ ॥ ਹੇ ਮਨ ਮੂੜ ਤਿਸੈ ਨ ਪਛਾਨਤ ਤਾਰੀ
ਗਨਿਕਾ ਪਛਾਵਤ ਸੂਆ[੩੬] ॥ ੨੫ ॥ ਸੁਰ ਕੇ ਪੁਰਿ

---

[੩੧]ਸੁਦਾਮੇ ਬ੍ਰਾਹਮਣ ਦੇ ਚਾਵਲ।

[੩੨]ਭੀਲਣੀ ਦੇ ਬੇਰ ਜਿਵੇਂ ਕ੍ਰਿਸ਼ਨ ਜੀ ਨੇ ਕਬੂਲੇ, ਪਰ ਭੀਲਣੀ ਦੇ ਜੂਠੇ ਬੇਰ ਤਾਂ ਸ੍ਰੀ ਰਾਮ ਜੀ ਨੇ ਖਾਧੇ ਸਨ।

[੩੩]ਉਨ੍ਹਾਂ ਸਭਨਾਂ ਵਾਂਗ ਇਹ ਖ਼ਰਬੂਜ਼ਾ।

[੩੪]ਸੱਤ ਵਾਰੀ ਵਾਕ ਕਰਕੇ (ਅਗੋਂ ਦੀਆਂ) ਸੱਤ ਗੁਰਿਆਈਆਂ ਦੀ ਥਾਪਨਾ (ਸ੍ਰੀ ਰਾਮਦਾਸ ਵੰਸ਼ ਨੂੰ ਕਰ ਦਿੱਤੀ)। [੩੫]ਉਨ੍ਹਾਂ ਤੋਂ। [੩੬]ਤੋਤੇ ਨੂੰ ਰਾਮ ਨਾਮ ਪੜ੍ਹਾਉਂਦੀ, ਜਿਸ ਨਾਮ ਨੇ ਗਨਿਕਾ ਤਾਰੀ ਸੀ। [ਸੂਆ=ਤੋਤਾ]।

ਤੇ, ਸਿਵ ਕੇ ਪੁਰਿ ਤੇ ਅਰ ਰਾਵਨ ਕੇ ਪੁਰਿ ਤੇ ਅਧਿਕਾਈ[੩੭] ॥ ਗੋਕਲੇ ਅਰੁ ਔਧ੍ਹਹ ਤੇ ਮਥੁਰਾ[੩੮] ਹੂੰ ਕੇ ਬਾਸ ਤੇ ਜਾਨ ਸਵਾਈ ॥ ਆਪ ਰਚਾਈ ਹੈ ਦੁਆਰਕਾ ਸਜਾਮ ਜੀ ਤਾਕੇ ਸਮਾਨ ਨ ਦੇਖਨ ਪਾਈ ॥ ਯਾਕੇ ਨ ਤੁੱਲ ਪੁਰੀ ਕੋਊ ਦੂਸਰਿ ਜੋਊ ਗੁਰੂ ਰਾਮਦਾਸ ਬਨਾਈ ॥੨੬॥ ਨਾਹਿ ਬਜਾਰਨ ਕੋ ਕੋਊ ਅੰਤ, ਔ ਕੂਪਨ ਕਾ ਕਛੁ ਨਾਹਿ ਸੁਮਾਰਾ ॥ ਤਾਂਹਿ ਅਨੇਕ ਬਸੈਂ ਧਨਵਾਨ ਸਰਾਫ ਕਹਾਵਤ ਔ ਬਨਜਾਰਾ ॥ ਪੁੰਨ ਔ ਦਾਨ ਕਰੈਂ ਬਨੀਏ ਨਿਤ, ਜਾਹੂੰ ਕੇ ਲੇਖ ਲਿਖਾ ਕਰਤਾਰਾ ॥ ਕੋਊ ਨਹੀ ਦੁਖ ਪਾਵਤ ਤਾਹੂੰ ਮੈਂ, ਨੀਤ ਬਸੈ ਸੁਖ ਸੋਂ ਪੁਰ ਸਾਰਾ ॥੨੭॥ ਦੰਡ ਨ ਕਾਹੂੰ ਕੋ ਕਾਲ ਬਿਨਾ ਤਹਿਂ[੩੯], ਚੋਰ ਨਹੀ ਬਿਨ ਨੈਨ ਤੀਆ ਕੇ ॥ ਨੈਨ ਸਮਾਨ ਨ ਤਸਕਰ ਹੈਂ ਤਹਿਂ, ਚੋਰਤ ਜੋ ਨਿਤ ਚਿੱਤ ਪੀਆ ਕੇ[੪੦] ॥ ਨਾਹਿ ਪਸੂ ਬਿਨ ਦਾਰਿਦ ਕਾਹੂ ਕੇ[੪੧], ਡੋਲ ਹੈਂ ਧਾਮ

---

[੩੭]ਇੰਦ੍ਰ ਪੁਰੀ (ਸੁਰਗ), ਸ਼ਿਵਪੁਰੀ ਤੇ ਲੰਕਾ ਤੋਂ ਬੀ ਵੱਧ (ਹੈ ਅੰਮ੍ਰਿਤਸਰ ਨਗਰੀ, ਜੋ ਗੁਰੂ ਰਾਮਦਾਸ ਨੇ ਬਣਾਈ)। [੩੮]ਗੋਕੁਲ, ਅਯੁਧਯਾ ਤੇ ਮਥੁਰਾ। [੩੯](ਉਮਰ ਪੁੱਗੀ ਤੇ ਆਈ) ਮੌਤ ਤੋਂ ਬਿਨਾ ਕੋਈ ਦੰਡ ਨਹੀਂ ਏਥੇ।

[੪੦]ਚੋਰ ਹਨ ਕੇਵਲ ਇਸਤ੍ਰੀ ਦੇ ਨੈਣ, ਜੋ ਆਪਣੇ ਪੀਆ ਦਾ ਚਿਤ ਨਿੱਤ ਚੁਰਾਉਂਦੇ ਹਨ, (ਹੋਰ ਕੋਈ ਚੋਰ ਨਹੀਂ)।

[੪੧]ਕੇਵਲ ਪਸ਼ੂ ਹੀ ਨਿਰਧਨ ਹਨ, ਹੋਰ ਕੋਈ ਗਰੀਬ ਨਹੀਂ।

ਧੁਜਾ ਔ ਪਤਾਕੇ[42] ॥ ਹੇਮ ਕੀ ਹੋਇਗੀ ਤਾਂਹਿ ਤੁਲਾ ਅਰੁ ਚਾਂਦੀ ਕੇ ਹੋਹਿੰਗੇ ਤੋਲ ਤਹਾਂ ਕੇ ॥ ੨੮ ॥ ਕੰਪਤ ਬਿੱਜੁਲ ਤੇ ਕਦਲੀ ਤਹਿੰ[43], ਔਰ ਨ ਕੋਊ ਡਰੈ ਮਨ ਮਾਹੀ ॥ ਵਾਹਿਗੁਰੂ ਰਾਮਦਾਸ ਬਿਨਾ ਤਹਿੰ ਰੈਨ ਦਿਨਾ ਡਰ ਭੂਪ ਕਾ ਨਾਂਹੀ[44] ॥ ਰਾਜ ਕਰੈ ਜਹਿੰ ਆਪ ਗੁਰੂ ਤਹਿੰ ਕਿਉਂ ਨ ਅਨੰਦ ਸੋਂ ਲੋਕ ਬਸਾਂਹੀਂ। ਆਪ ਗੁਰੂ ਤ੍ਰੈ ਲੋਕ ਕਾ ਨਾਯਕ[45], ਜਾਂਕੇ ਦਿਯੇ ਸਭ ਭੋਜਨ ਖਾਂਹੀ ॥੨੯॥

ਸ੍ਰੀ ਗੁਰੂ ਅਰਜਨ ਦੇਵ ਜੀ

ਦੋਹਰਾ ॥ ਤਾਂਕੇ ਗ੍ਰਿਹ ਪਰਗਟ ਭਏ ਗੁਰ ਅਰਜੁਨ ਅਵਤਾਰ। ਤੀਨ ਲੋਕ ਤਾਰਨ ਨਮਿਤ ਆਇਓ ਆਪ ਮੁਰਾਰ ॥੩੦॥ ਅਤਿ ਅਗਾਹ[46] ਬਾਣੀ ਰਚੀ ਮਾਨਹੁ ਕਿਯਾ ਜਹਾਜ। ਯਾ ਭਵਜਲ ਸੰਸਾਰ ਤੇ ਜਗਤ ਉਧਾਰਨ ਕਾਜ[47] ॥ ੩੧ ॥ ਬਾਣੀ ਸਭ ਇਕਠੀ

---

[42]ਘਰਾਂ ਉੱਤੇ ਝੰਡੇ ਝੰਡੀਆਂ ਝੂਲ ਰਹੇ ਹਨ ਜੋ ਲੱਖਾਂ ਦੀ ਮਾਲਕੀ ਦੀ ਸਾਖ ਭਰਦੇ ਹਨ।

[43]ਬਿਜਲੀ ਤੋਂ ਕੇਵਲ ਕੇਲਾ ਕੰਬਦਾ ਹੈ, ਹੋਰ ਕਿਸੇ ਨੂੰ ਇਥੇ ਕਿਸੇ ਸ਼ੈ ਦਾ ਡਰ ਨਹੀਂ।

[44]ਕਿਸੇ ਰਾਜੇ ਦਾ ਡਰ ਨਹੀਂ, ਸਿਵਾਏ ਵਾਹਿਗੁਰੂ ਤੇ ਗੁਰੂ ਰਾਮਦਾਸ ਜੀ ਦੇ। [45]ਨੇਤਾ, ਆਗੂ।

[46]ਅਥਾਹ, ਡੂੰਘੀ, ਜਿਸ ਦਾ ਅੰਤ ਨਾ ਪਾਇਆ ਜਾ ਸਕੇ। [47]ਵਾਸਤੇ।

ਕਰੀ, ਕੀਨਾ ਸ਼ੁਭ ਸ਼੍ਰੀ ਗ੍ਰੰਥ। ਜਾਂਕੋ ਪਢਿ ਜਮ ਫਾਸ ਤੇ ਮੁਕਤਿ ਹੋਇ ਸਭ ਪੰਥ ॥੩੨॥ ਅਵਰ ਕੀਆ ਉਪਕਾਰ ਗੁਰ ਤੀਰਥ ਏਕ ਬਨਾਇ। ਬਿਨੁ ਬੂਝੇ[੪੮] ਜੋ ਨ੍ਹਾਇ ਹੈ ਸੋ ਬੈਕੁੰਠ ਸਿਧਾਇ ॥੩੩॥

ਸ੍ਵੈਯਾ ॥ ਖਾਰੀ ਮੇਂ ਬੈਠ ਤਿਯਾ ਨਿਜ ਸੀਸ ਪੈ ਪਿੰਗਲ ਏਕ ਤਹਾਂ ਚਲਿਆਯਾ। ਨ੍ਹਾਵਤ ਕਾਗ ਭਯਾ ਤਹਿੰ ਸ੍ਵੇਤ[੪੯] ਸੁ ਦੇਖਿਕੈ ਪਿੰਗੁਲ ਤਾਂਹਿ ਲੁਭਾਯਾ। 'ਮੈਂ ਇਸਨਾਨ ਕਰੌਂ ਇਸ ਨੀਰ ਮੇਂ', ਯੌਂ ਅਪਨੇ ਮਨ ਮੇਂ ਠਹਿਰਾਯਾ। ਬੂਡਨ ਕਾਜ ਪਰਾ ਜਲ ਮੇਂ ਤਿਨ ਨ੍ਹਾਇਕੈ ਕੰਚਨ ਸੋ[੫੦] ਤਨ ਪਾਯਾ ॥੩੪॥

ਅੜਿਲ ॥ ਨਾਰੀ ਰਹੀ ਲੁਭਾਇ ਦੇਖ ਨਿਜ ਕੰਤ ਕੋ।
ਮੈਂ ਭੀ ਕਰਿ ਇਸਨਾਨ ਮਿਲੋਂਗੀ ਸੰਤ ਕੋ।
ਯਹ ਮਨ ਮੇਂ ਠਹਿਰਾਇ ਪਰੀ ਤਬ ਨੀਰ ਮੇਂ।
ਹੋ ਨ੍ਹਾਵਤ ਹੀ ਤਿਨ ਭਯਾ ਅਨੰਦ ਸਰੀਰ ਮੇਂ ॥੩੫॥

ਸ੍ਵੈਯਾ ॥ ਤਾਰ ਤਰੰਨ ਕੀ[੫੧] ਤਾਂ ਦਿਨ ਮੈ ਗੁਰ ਅਰਜੁਨ ਦੇਵ ਜੀ ਪਉੜੀ ਬਨਾਈ। ਜਾਇਕੈ ਪਿੰਗੁਲ ਨਾਰੀ ਸਮੇਤ ਨਿਵਾਇਕੇ ਸੀਸ ਯਹ ਬਾਤ ਸੁਨਾਈ।

---

[੪੮]ਸਹਿਜ ਸੁਭਾਵ। [੪੯]ਚਿੱਟਾ (ਦੁਖਭੰਜਨੀ ਦੀ ਕਥਾ ਹੈ)। [੫੦]ਸੋਨੇ ਵਰਗਾ ਭਾਵ ਅਰੋਗ।

[੫੧]ਤਰਨ ਤਾਰਨ ਦੀ, ਪਰ ਮੁਰਾਦ ਏਥੇ ਸੰਤੋਖਸਰ ਦੀ ਪਉੜੀ ਦੀ ਨੀਂਹ ਰਖੀ ਦੀ ਹੈ, ਜਿਥੇ ਓਹ ਦੰਪਤੀ ਜਾਕੇ ਮਿਲੇ ਸਨ।

ਤਜਾਗਕੈ ਨੀਂਵ ਕਲਾ[੫੨] ਗੁਰ ਅਰਜਨ ਯਾਂ ਕੋ ਬਨਾਵਨ ਕੀ ਮਨ ਆਈ। 'ਖੋਜ ਰਹੇ ਜਿਸ ਕੋ ਚਿਰ ਲੌਂ, ਤਿਸੁ ਤੀਰਥ ਕੀ ਅਬ ਹੈ ਸੁਧ ਪਾਈ ॥੩੬॥ ਵਾਹਿਗੁਰੂ ਕਰਿਕੇ ਇਸ਼ਨਾਨ ਤਹਾਂ ਇਹੁ ਤਾਲ ਅਨੂਪ ਬਨਾਯਾ। ਜਾਂਕੇ ਸਮਾਨ ਨ ਦੂਸਰ ਹੈ ਕੋਊ ਤੀਨ ਹੀ ਲੋਕ ਮੇਂ ਆਖ ਸੁਨਾਯਾ। ਤਾਲ ਅਜਾਯਬ ਸੁੰਦਰ ਦੇਖਿਕੈ ਦੇਵ ਔ ਦੈਂਤਨ ਕੋ ਮਨ ਭਾਯਾ। ਆਪ ਤਰੈ ਸਗਲੀ ਕੁਲ ਤਾਰਹੈ ਏਕ ਹੀ ਬਾਰਿ ਜੁ ਯਾਹੀ ਮੇ ਨ੍ਹਾਯਾ[੫੩]' ॥੩੭॥

ਦੋਹਰਾ ॥ ਧੰਨ ਧੰਨ ਅਰਜੁਨ ਗੁਰੂ ਉੱਤਮ ਪਦਵੀ ਲੀਨ।
ਐਸਾ ਤੀਰਥ ਕ੍ਰਿਪਾ ਕਰ ਜਗ ਮਹਿਂ ਪਰਗਟ ਕੀਨ॥੩੮॥

ਸ੍ਵੈਯਾ ॥ ਪੀਯ ਕੇ ਮੇਲ ਮੇਂ, ਕਾਮਨੀ ਕੇਲ ਮੇਂ[੫੪], ਕੰਚਨ ਮੰਦਰ ਮਾਂਹਿ ਬਸਾਏ। ਅੰਬਰ ਔਰ ਪਟੰਬਰ[੫੫] ਮੇਂ ਨਹੀਂ, ਹੀਰੇ ਔ ਮਾਨਕ ਅੰਗ ਲਗਾਏ। ਛੈ ਰਸ ਬਿੰਜਨ ਮਾਂਹਿ[੫੬] ਨਹੀਂ ਸੁਖ, ਔਰ ਰਵੇਲ ਗੁਲਾਬ ਹੰਢਾਏ। ਐਸੋ ਨ ਸੂਖ ਹੈ ਦੂਸਰ ਠੌਰ ਮੈਂ ਜੋ ਗੁਰ

---

[੫੨]ਭਾਵ ਸੰਤੋਖਸਰ ਦੀ ਜੋ ਕਲਾਮਈ ਨੀਂਹ ਰਖ ਰਹੇ ਸੀ ਓਹ ਛੱਡਕੇ। [੫੩]ਸ੍ਰੀ ਗੁਰੂ ਅਰਜਨ ਦੇਵ ਜੀ ਦੀ ਆਪ ਕਬੀ ਰਾਮਦਾਸ ਸਰੋਵਰ ਦੀ ਮਹਿਮਾ ਦਾ ਭਾਵ ਹੈ। [੫੪]ਇਸਤ੍ਰੀ ਰਸ ਵਿਚ। [੫੫]ਸੁਹਣੇ ਕਪੜੇ ਤੇ ਰੇਸ਼ਮ ਦੇ ਕਪੜੇ। [੫੬]ਛੇ ਰਸਾਂ ਦੇ ਭੋਜਨਾਂ ਵਿਚ।

ਅਰਜੁਨ ਨਾਮ ਧਿਆਏ[੫੭] ॥੩੯॥ ਸਾਜ ਕੈ ਹੇਮ[੫੮] ਬਿਵਾਨ ਬਡੋ ਤਿਹ ਮਾਹਿ ਅਮੋਲਕ ਮੋਤੀ ਜੜਾਏ। ਹੋਇ ਸਵਾਰ ਫਿਰੈ ਤਿਸ ਊਪਰ ਦੇਸਨ ਦੇਸ ਕਾ ਭੂਪ ਕਹਾਏ। ਬਾਪੀ ਕੈ ਕੂਪ ਤੜਾਗ[੫੯] ਬਨਾਵਤ ਰੰਗ ਬਰੰਗ ਕੇ ਬਾਗ ਲਵਾਏ। ਐਸੋ ਨ ਸੂਖ ਹੈ ਦੂਸਰ ਠੌਰ ਮੈ ਜੋ ਗੁਰ ਅਰਜੁਨ ਨਾਮ ਧਿਆਏ ॥੪੦॥ ਹਾਥੀ ਅੰਬਾਰੀ ਮੈਂ ਬੈਠਿ ਫਿਰੈ ਅਰੁ ਹੋਇ ਸਵਾਰ ਤੁਰੰਗ[੬੦] ਨਚਾਏ। ਤਾਲ ਮ੍ਰਿਦੰਗ ਰਬਾਬ ਪਖਾਵਜ[੬੧] ਡ੍ਹੂਮ ਕਲਾਵਤ[੬੨] ਆਇ ਸੁਨਾਏ। ਮੋਹਨੀ ਰੰਭ ਸਮਾਨ ਬਨਾਯ ਕੈ ਰੂਪ ਸਿੰਗਾਰ ਔ ਨ੍ਰਿਤਜ ਦਿਖਾਏ[੬੩]। ਐਸੋ ਨ ਸੂਖ ਹੈ ਦੂਸਰ ਠੌਰ ਮੈਂ ਜੋ ਗੁਰ ਅਰਜੁਨ ਨਾਮ ਧਿਆਏ ॥੪੧॥

ਧੰਨ ਕਹੋ ਗੁਰ ਅਰਜੁਨ ਕੋ ਜਿਨ ਨਾਮ ਕੋ ਖੋਲਿ ਦਿਖਾਯਾ ਖਜਾਨਾ[੬੪] ॥ ਰਾਗ ਹੀ ਰਾਗ ਮੋਂ ਸ਼ਬਦ

---

[੫੭]ਭਾਵ ਏਹ ਸਾਰੇ ਰਸ ਤੇ ਸੁਖ ਤੁੱਛ ਹਨ ਗੁਰੂ ਅਰਜਨ ਦੇਵ ਜੀ ਦੀ ਭਗਤੀ ਦੇ ਰਸ ਦੇ ਟਾਕਰੇ ਤੇ। ਇਸ ਛੰਦ ਵਾਂਗ ਅਗਲੇ ਚਾਰ ਛੰਦਾਂ ਵਿਚ ਬੀ ਗੁਰੂ ਅਰਜਨ ਦੇਵ ਜੀ ਦੀ ਕੀਰਤੀ ਹੈ। [੫੮]ਸੋਨੇ ਦਾ। [੫੯]ਬਾਉਲੀ, ਖੂਹ ਤੇ ਤਲਾਉ।

[੬੦]ਘੋੜੇ। [੬੧]ਸੰਗੀਤ ਦੇ ਸਾਜ਼ ਹਨ, ਢੋਲਕ, ਰਬਾਬ ਤੇ ਤਬਲਾ। [੬੨]ਮਰਾਸੀ ਤੇ ਭੱਟ, ਗਵੱਯੇ। [੬੩]ਰੰਭਾ ਅਪੱਸਰਾ ਵਰਗਾ ਸ਼ਿੰਗਾਰ ਤੇ ਰੂਪ ਬਣਾਕੇ ਇਸਤ੍ਰੀ ਨਾਚ ਵਿਖਾਏ।

[੬੪]ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਤੇ ਬਾਣੀ ਦੀ ਰਚਨਾ ਵੱਲ ਇਸ਼ਾਰਾ ਹੈ।

ਬਨਾਯਕੈ ਗ੍ਰੰਥ ਕੀਆ ਹੈ ਸੁਮੇਰੁ[੬੫] ਸਮਾਨਾ ॥ ਦੇਖ ਸੁਮੇਰ ਤੇ ਹੇਮ ਨ ਲੇਵਤ ਧਾਵਤ ਪਾਥਰ ਕੋ ਅਗਿਆਨਾ ॥ ਰੇ ਮਨ ਮੂੜ ਨ ਸੂਝਤ ਤੋਹਿ ਕੋ ਖਾਇਕੈ ਭੰਗ ਭਯਾ ਹੈ ਦਿਵਾਨਾ ॥ ੪੨ । ਜੋ ਹਰਿ ਨਾਮ ਦ੍ਰ੿ੜਾਵਤ ਹੈ ਗੁਰ ਸੋਈ ਹੈ[੬੬] ਜਾਨ ਤੂੰ ਬਾਤ ਚੰਗੇਰੀ ॥ ਓਟ ਤਹਾਂ ਹਰਿ ਨਾਮ ਕੀ ਹੋਇਗੀ, ਝੂਲੈ ਜੋ ਆਇਕੈ ਕਾਲ ਅੰਧੇਰੀ[੬੭]॥ ਆਵਨ ਬਾਰ ਨ ਬਾਰ ਹੀ ਹੋਇਗੋ, ਏਕ ਹੀ ਬਾਰਿ ਹੈ ਜੋਗੀ ਕੀ ਫੇਰੀ ॥ ਕਿਉਂ ਅਗਜਾਨ ਕਾ ਪੀਵਤ ਹੈ ਮਦ, ਜਾਵੈਗੀ ਨਾਹਿ ਖੀਵੱਤਣ[੬੮] ਤੇਰੀ ॥ ੪੩ ॥ ਸ਼ਬਦ ਗੁਰੂ ਕੋ ਹੈ ਢਾਲ ਤਹਾਂ, ਜਹਾਂ ਕਾਲ ਕਾ ਬਾਨ ਅਚਾਨਕ ਆਵੈ ॥ ਕਿਉਂ ਮਨ ਮੂਰਖ ਢਾਲ ਤਿਆਗਤ ਕਾਲ ਕੇ ਬਾਨ ਤੇ ਕੌਨ ਬਚਾਵੈ ॥ ਬਾਰ ਹੀ ਬਾਰ ਪੁਕਾਰਤ ਹੈ ਤੁਹਿ ਕੰਚਨ ਦੇਹਿ ਅਕਾਰਥ ਜਾਵੈ ॥ ਆਵਤ ਜਾਵਤ ਹੋਤ ਸੁਖੀ ਨਰ, ਜੋ ਗੁਰ ਅਰਜੁਨ ਨਾਮ ਧਿਆਵੈ ॥ ੪੪ ॥

---

[੬੫]ਸੁਮੇਰੂ ਪਰਬਤ ਵਰਗਾ ਸ਼੍ਰੇਮਣੀ। ਸੁਮੇਰੂ ਸੋਨੇ ਦਾ ਪਹਾੜ ਮੰਨਿਆਂ ਜਾਂਦਾ ਹੈ।

[੬੬]ਗੁਰੂ ਓਹੋ ਹੈ।

[੬੭]ਭਾਵ ਜਦੋਂ ਮੌਤ ਦੀ ਅਨ੍ਹੇਰੀ ਝੁੱਲੇਗੀ ਤਦੋਂ ਹਰੀ ਨਾਮ ਦੀ ਓਟ ਹੀ ਬਚਾ ਸਕੇਗੀ।

[੬੮]ਖੀਵਾਪਨ, ਮਸਤੀ, ਲੀਨਤਾ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

ਦੋਹਰਾ ॥ ਤਿਸ[੬੯] ਗੁਰ ਕੇ ਪਰਗਟ ਭਯਾ ਹਰਿਗੋਬਿੰਦ ਗੁਰਿ ਆਇ ॥ ਜਗਤ ਉਧਾਰਨ ਕਾਰਨੇ ਜਨਮ ਧਰਾ ਜਗ ਆਇ ॥ ੪੫ ॥ ਮਾਨਹੁ ਜਗ ਮੇਂ ਗੁਰ ਕੀਆ ਖੜਗ ਸੋਂ ਹੇਤੁ ਪਿਆਰ[੭੦] ॥ ਤੁਰਕਨ ਸੇਤੀ ਜੁੱਧ ਕੀ ਰਾਖੀ ਮਨਸ਼ਾ ਧਾਰ ॥ ੪੬ ॥ ਦੇਗ਼ ਤੇਗ਼ ਦੋਨੋ ਗਹੀ[੭੧] ਰਾਜ ਜੋਗ ਦੁਇ ਕੀਨ ॥ ਜੋਗ ਭੋਗ ਦੋਨੋਂ ਕੀਏ ਉੱਤਮ ਪਦਵੀ ਲੀਨ ॥ ੪੭ ॥

ਸ਼ਾਹ ਜਹਾਨ ਦਾ ਰਾਜ

ਸ੍ਵੈਯਾ ॥ ਦਿੱਲੀ ਮੇਂ ਸ਼ਾਹਜਹਾਨ ਬਸੈ ਸਭ ਹਿੰਦ ਕੇ ਰਾਜ ਕਾ ਭੂਪ ਕਹਾਵੈ ॥ ਬੀਸ ਔ ਏਕ ਸਹਸ੍ਰ ਕੋਸ ਮੇ[੭੨] ਔਰ ਨ ਭੂਪਤ ਰਾਜ ਕਮਾਵੈ ॥ ਸੂਬੇ ਹੈਂ ਬੀਸ ਲਹੌਰ ਸਮੰਤ ਸੁ ਏਕ ਤੇ ਏਕ ਅਨੂਪ[੭੩] ਦਿਖਾਵੈ ॥ ਸਾਰਸੁਤੀ ਕਿਰਪਾ ਕਰ ਹੈ ਕਵਿ ਕੰਕਨ ਤੁਝੈ ਸਭ ਨਾਮ ਸੁਨਾਵੈ ॥ ੪੮ ॥ ਪੱਛਮ ਓਰ ਬਸੈਂ ਪੁਰ ਪਾਂਚਸੁ ਏਕ 'ਲਹੌਰ' ਔ 'ਕਾਬਲ' ਬੀਯਾ[੭੪] ॥

---

[੬੯]ਭਾਵ ਸ੍ਰੀ ਗੁਰੂ ਅਰਜਨ ਦੇਵ ਜੀ ਦੇ।

[੭੦]ਕ੍ਰਿਪਾਨ ਨਾਲ ਹਿਤ ਤੇ ਪਿਆਰ।

[੭੧]ਫੜੀ ਭਾਵ ਅੰਗੀਕਾਰ ਕੀਤੀ।

[੭੨]ਇੱਕੀ ਹਜ਼ਾਰ ਕੋਹਾਂ ਵਿਚ।

[੭੩]ਜਿਸ ਦੀ ਉਪਮਾ ਨਾ ਹੋ ਸਕੇ। [੭੪]ਦੂਜਾ।

ਤੀਸਰ ਨਾਮ ਸੁਨੋ 'ਕਸ਼ਮੀਰ' ਕਹੌਂ 'ਮੁਲਤਾਨ' ਜੁ ਚੌਥਾ ਹੈ ਕੀਯਾ ॥ 'ਹੱਟੇਕੋ[੭੫]' ਪੰਚਮ ਸੂਬਾ ਕਹੈਂ ਜਗ ਸੋਊ ਸੁਨਾਯ ਤੁਝੈ ਕਹਿ ਦੀਯਾ ॥ ਏਤੇ ਮੇ ਰਾਜ ਕਰੈ ਨਰ ਏਕ ਹੀ ਧੰਨ ਕਹੋ ਤਿਨਕਾ ਜਗ ਜੀਯਾ ॥ ੪੯ ॥ ਸੂਬੇ ਹੈਂ ਚਾਰ ਸੁਨੋ ਤੁਮ ਪੂਰਬ 'ਔਧ' ਕਾ ਨਾਮ ਸਭੈ ਜਗੁ ਜਾਨੈ ॥ 'ਪਟਨਾ' ਔਰ 'ਬਿਹਾਰ' 'ਬੰਗਾਲ' ਸੁਨੋ ਤੁਮ ਚਾਰੋਂ ਹੀ ਏ ਕਵਿ ਆਖ ਬਖਾਨੈ ॥ ਹਿੰਦ ਮੈ ਖਸ਼ਟ ਸੁਨੋ ਪੁਰ ਔਰ ਹੈਂ ਸੋਇ ਪ੍ਰਬੀਨ[੭੬] ਸੂਈ ਨਰ ਮਾਨੈ ॥ 'ਮਾਲਵ' ਔ 'ਅਜਮੇਦ[੭੭]' ਸੁਨੋ ਤੁਮ 'ਦਿੱਲੀ' ਹੈ ਤਖਤ ਸੁ ਕਉਨ ਨ ਜਾਨੈ ॥ ੫੦ ॥ ਏਕ ਬਡੀ 'ਗੁਜਰਾਤ' ਕਹਾਵਤ ਦੂਜੇ ਕੋ 'ਅਲਵਰ' ਜਾਨ ਰੇ ਭਾਈ ॥ 'ਆਗਰਾ' ਖਸ਼ਟਮ ਸੂਬਾ ਜੋ ਹਿੰਦ ਮੇ ਆਛੀ ਹੈ ਠੌਰ ਸੁ ਆਖ ਸੁਨਾਈ ॥ 'ਦੱਖਨ' ਨਾਮ ਬਖਾਨਤ ਹੌਂ ਅਬ ਜੇਤੀ ਹੈ ਮੋ ਘਟ ਮਤਿ ਉਪਾਈ ॥ ਹੈ 'ਬੁਰਹਾਨ' ਕੀ ਠੌਰ ਅਨੂਪਮ ਜਾਨਤ ਹੈ ਸਭ ਦੇਸ ਲੁਕਾਈ ॥ ੫੧ ॥

ਦੋਹਰਾ ॥ ਔਰ ਜੁ ਸੂਬੇ ਪਾਂਚ ਹੈਂ ਇਕ 'ਔਰੰਗਾਬਾਦ' ॥ 'ਬੀਜਾਪੁਰ' 'ਵਰਿਯਾਹੁ' ਹੈ 'ਭਾਗ ਨਗਰ' ਤੇ ਆਦਿ ॥ ੫੨ ॥ 'ਬੈਰਾਰਾ[੭੮] ਭੀ ਜਾਨੀਅਹੁ ਸੋ

---

[੭੫]ਮੁਰਾਦ ਸ਼ਾਇਦ ਕੋਹਾਟ ਤੋਂ ਹੈ। [੭੬]ਚਤੁਰ।

[੭੭]ਅਜਮੇਰ ਤੋਂ ਮੁਰਾਦ ਜਾਪਦੀ ਹੈ।

[੭੮]ਵਿਦਰਭ ਦੇਸ਼, ਜੋ ਨਿਜ਼ਾਮ ਹੈਦਰਾਬਾਦ ਅਧੀਨ ਸੀ।

ਪੰਚਮ ਅਸਥਾਨ ॥ ਏਤੇ ਸੂਬੇ ਹਿੰਦ ਕੇ ਰਾਖਤ ਸ਼ਾਹ ਜਹਾਨ ॥ ੫੩ ॥ ਬਾਵਨੀਆਂ[੭੯]—ਪੰਜਾਹ ਦੁਇ—ਸਭੈ ਸਿਰੰਦ ਸਮਾਨ ॥ ਨਾਮ ਸੁਨਾਊਂ ਸਭਨ ਕੇ ਹੋਵੈ ਬਡਾ ਪੁਰਾਨ ॥ ੫੪ ॥ ਸੂਬੇ ਸੂਬੇ ਮਾਂਹਿ ਜੋ ਬਸਹਿਂ ਜਿ ਸੂਬੇਦਾਰ ॥ ਤਿਨਕੇ ਸੰਗ ਜੋ ਚਮੂ[੮੦] ਹੈ ਹੋਵਤ ਨਾਹਿ ਸੁਮਾਰ ॥ ੫੫ ॥

ਮੁਗਲਾਂ ਨਾਲ ਜੁੱਧ

ਦੋਹਰਾ ॥ ਮੀਰ ਸ਼ਿਕਾਰ ਜੋ ਸ਼ਾਹ ਕੇ ਤਿਨ ਸੋਂ ਉਡਿਆ ਬਾਜ ॥ ਗਹਿ ਲੀਆ ਨਿਜ ਕਰ ਗੁਰੂ ਬਡੇ ਗ਼ਰੀਬ ਨਿਵਾਜ ॥ ੫੬ ॥ ਹਰਿਗੋਬਿੰਦ ਗੁਰੂਅਨ ਗੁਰੂ ਕਹਾ: 'ਬਾਜ ਇਹੁ ਸ਼੍ਰੇਤ[੮੧] ॥ 'ਹਮ ਕ ਨਾਰਾਇਣ ਦੀਆ ਰਾਖੋਂ ਕਰਿਕੈ ਹੇਤ' ॥ ੫੭ ॥

ਸ੍ਰੈਯਾ ॥ ਦੀਨ ਕੇ ਸ਼ਾਹ, ਦੁਨੀ ਪਤਿ ਕਾ, ਅਬ ਯਾਹੀ ਤੇ ਬੈਰੁ ਭਯਾ ਮਨ ਮਾਂਹੀ ॥ 'ਕੌਨੁ ਹੈ ਬਾਜੁ ਨ ਦੇਵਤ ਮੋਹ ਕੇ ਜਾਇ ਗਹੋਂ ਤਿਸੁ ਸੰਝ ਸੁਬਾਹੀ[੮੨] ॥ ਜੈਸੇ ਪਠਾਇ ਦੀਏ ਖਰਦੂਖਨ[੮੩] ਮਾਨਹੁ ਰਾਮ ਉਠਾਇਕੈ

---

[੭੯] ਬਵੰਜਾ ਪਿੰਡਾਂ ਵਾਲੇ ਇਲਾਕੇ, ਜੈਸੇ ਸਰਹੰਦ।

[੮੦] ਫੌਜ। [੮੧] ਚਿੱਟਾ।

[੮੨](ਅੱਜ) ਸ਼ਾਮ ਨੂੰ (ਯਾ ਕੱਲ) ਸਵੇਰੇ ਜਾ ਫੜਾਂਗਾ।

[੮੩]ਖਰ ਤੇ ਦੂਖਨ ਦੋ ਰਾਖਸ਼ ਸਨ ਜੋ ਸ੍ਰੀ ਰਾਮਚੰਦ੍ਰ ਜੀ ਨਾਲ ਲੜਨ ਆਏ ਤੇ ਦੰਡਕ ਬਨ ਵਿਚ ਉਨ੍ਹਾਂ ਦੇ ਹੱਥੋਂ ਮਾਰੇ ਗਏ ਸਨ।

ਬਾਹੀ ॥ ਤੈਸੇ ਹੀ ਦੀਨੀ ਪਠਾਇ ਚੰਮੂ ਵਹੁ ਮੂਰਖ ਸ਼ਾਹ ਪਛਾਨਤ ਨਾਂਹੀ ॥ ੫੮ ॥

ਅੜਿਲ ॥ ਘੜਾ ਫਤੈ ਕੁਮੈਤ[੮੪] ਗੁਰੂ ਮੰਗਵਾਇਆ ॥ ਤਿਸ ਪਰ ਭਏ ਸਵਾਰ ਬਚਨ ਫੁਰਮਾਇਆ : 'ਮਾਰਹੁ ਮੁਗਲਨ ਚਮੂ ਨ ਛਾਡੋ ਏਕ ਨਰ। ਹੋ, ਬਿਨ ਦਿਖਲਾਏ ਹਾਥ ਨ ਜਾਏ ਮੂਲ ਟਰ' ॥੫੯॥

ਸੂਰਨ ਅਸਿ[੮੫] ਚਮਕਾਇ, ਬਲਹਿ ਸੰਭਾਰ ਕਰ। ਸ਼ੱਤ੍ਰਨ ਸਨਮੁਖ ਮਾਰਹਿਂ ਜਾਇ ਪੁਕਾਰ ਕਰ। ਜਿਸੁ ਤਨ ਲਾਗੈ ਏਕ ਕਰੈ ਦੋ-ਖੰਡ[੮੬] ਹੀ। ਹੋ ਮਾਨੋ ਲਾਗਹਿ ਆਇ ਤਿਸੈ ਜਮਡੰਡ ਹੀ ॥੬੦॥

ਸ੍ਵੈਯਾ—ਆਪ ਸਵਾਰ ਭਏ ਹਰਿਗੋਬੰਦ ਅੱਸ੍ਵਹਿ ਕੋ[੮੭] ਰਣ ਮਾਹਿ ਨਚਾਯਾ। ਦੇਖਕੇ ਸੱਤ੍ਰ ਕੀ ਫੌਜ ਅਪਾਰ ਸ੍ਰੀ ਮੁਖ ਰਾਮ ਕਾ ਨਾਮ ਧਿਆਯਾ। ਸੋਹਤ ਹਾਥ ਕਮਾਨ ਅਮੋਲਕ ਕਾਢਿ ਨਿਖੰਗ[੮੮] ਤੇ ਤੀਰ ਚਲਾਯਾ। ਜਾਂ[੮੯] ਤਨ ਲਾਗਤ ਜਾਯਕੈ ਬਾਨ ਤਿਸੈ ਨਰ ਨੀਰੁ ਨ ਮਾਂਗਨ ਪਾਯਾ ॥੬੧॥

ਦੋਹਰਾ-ਆਈ ਚਮੂ ਇਕੱਤ੍ਰ ਹੁਇ ਮਿਲ ਕਰ ਮੁਗਲ ਪਠਾਨ। ਕੇਤੇ 'ਬੇਗ' ਕਹਾਵਈਂ, ਕਈ ਕਹਾਵਹਿਂ 'ਖਾਨ' ॥੬੨॥ ਗੁਰ ਕੇ ਸਨਮੁਖ ਜੋ ਲੜਹਿ ਧੰਨ

---

[੮੪]ਲਾਖੇ ਰੰਗ ਦਾ ਵਿਜਈ ਘੋੜਾ।
[੮੫]ਤੇਗ਼, ਤਲਵਾਰ। [੮੬]ਦੋ ਟੋਟੇ। [੮੭]ਘੋੜੇ ਨੂੰ।
[੮੮]ਭੱਥੇ ਵਿਚੋਂ ਕੱਢਕੇ। [੮੯]ਜਿਸ ਦੇ।

ਜਨਮੁ ਤਿਨ ਪਾਇ । ਮੁਏ ਜੁ ਤਾਂਕੇ ਹਾਥ ਤੇ ਗਏ ਸੁਰਗ ਮੋ ਧਾਇ ॥੬੩॥ ਵਾਸੀ ਸ਼ਹਿਰ ਈਰਾਨ ਕਾ ਉਜ਼ਬਕ[੯੦] ਏਕ ਪਠਾਨ । ਵਾਹਿ ਗੁਰੂ ਸੋਂ ਯੌਂ ਕਹਜੋ[੯੧] 'ਤੁਝੈ ਨ ਦਉਂ ਜਾਨ' ॥੬੪॥

ਰੁਬਾਈ—ਬਬੀਂ ਐ ਪੀਰੇ ਹਿੰਦੂ ਜੰਗ ਮਰਾ,
ਬ-ਮਾ ਸਰਦਾਰੇ ਖ਼ੁਦ ਮਰਦਾਨਾ ।
ਬ-ਮਾਜਾਂ ਜੰਗ ਕਰਦਨ ਕੈ ਤਵਾਨੀ ?
ਹਜ਼ਰ, ਬੁੱਰਾਨੋ ਪਲੰਗਰਾ ਨ-ਦਾਨੀ[੯੨] ?

---

[੯੦]ਤਾਤਾਰ ਦੀ ਇਕ ਰੀਵਾਰ ਜਾਤੀ ਦਾ ।

[੯੧]ਉਸ ਨੇ ਗੁਰੂ ਜੀ ਨੂੰ ਇਉਂ ਕਿਹਾ ।

[੯੨]ਲੇਖਕ ਨੇ ਇਥੇ ਫਾਰਸੀ ਸ਼ਿਅਰਾਂ ਦੇ ਨਾਲ ਆਪਣੇ ਵਲੋਂ ਅਰਥ ਬੀ ਦਿੱਤੇ ਹਨ । ਫਾਰਸੀ ਸ਼ਿਅਰ ਬੀ ਆਮ ਤੌਰ ਤੇ ਗ਼ਲਤ ਹਨ ਤੇ ਦਿੱਤੇ ਹੋਏ ਅਰਥ ਬੀ ਬਹੁਤ ਠੀਕ ਨਹੀਂ, ਅਸੀਂ ਵਾਹ-ਲਗਦੀ ਦੁਰੁਸਤ ਫਾਰਸੀ ਦੇ ਠੀਕ ਅਰਥਾਂ ਨੂੰ ਨਾਲੋ ਨਾਲ ਦੇਣ ਦਾ ਯਤਨ ਕਰਾਂਗੇ। ਫਿਰ ਇਹ ਛੰਦ ਰੁਬਾਈ ਬੀ ਨਹੀਂ । ਰੁਬਾਈ ਵਿਚ ੧, ੨ ਤੇ ੪ ਦਾ ਤੁਕਾਂਤ ਮਿਲਵਾਂ ਹੁੰਦਾ ਹੈ । ਖ਼ੈਰ ਜੋ ਬੀ ਹੈ ਅੰਕ ੬੫ ਦਾ ਤਰਜਮਾ ਇਹ ਹੈ:— ਹੇ ਹਿੰਦੂਆਂ ਦੇ ਪੀਰ ! ਦੇਖ ਮੇਰਾ ਜੰਗ, ਮੇਰੇ ਨਾਲ (ਜੰਗ, ਮੈਂ ਜੋ ਹਾਂ) ਆਪ ਮਰਦਾਨਾ ਸਰਦਾਰ, ਮੇਰੇ ਨਾਲ ਤੂੰ ਕਿਵੇਂ ਜੰਗ ਕਰ ਸਕਦਾ ਹੈਂ, ਪ੍ਰਹੇਜ਼ ਕਰ, ਕੀ ਤੂੰ ਬੁੱਰਾਨੋ ਤੇ ਪਲੰਗਰ ਨੂੰ ਨਹੀਂ ਜਾਣਦਾ ? (ਬੁਰਾਨੋ ਇਕ ਪਹਿਲਵਾਨ ਦਾ ਨਾਮ ਸੀ ਤੇ ਪਲੰਗਰ ਜ਼ੰਗੀਆਂ ਦਾ ਬਹਾਦਰ ਸਹਜ਼ਾਦਾ ਸੀ । ਸ਼ਾਹਨਾਮੇ ਵਿਚ ਇਨ੍ਹਾਂ ਦਾ ਜ਼ਿਕਰ ਹੈ । ਵੈਸੇ 'ਪਲੰਗ' ਚਿਤ੍ਰਾ ਤੇ ਇਕ ਸ਼ੇਰ ਦੁਸ਼ਮਨ ਦਰਿੰਦੇ ਨੂੰ ਬੀ ਕਹਿੰਦੇ ਹਨ)।

ਅਰਥ–ਦੇਖ ਹਿੰਦੂ ਪੀਰ ਆਕੇ ਜੰਗ ਮੇਰਾ,
ਸਰਦਾਰ ਹਾਂ ਮੈਂ ਸਭਕੀ ਦਾ ਕਰਨ ਵਾਲਾ।
ਸਾਥ ਮੇਰੇ ਆਉ ਜੰਗ ਕਰ ਜੋ ਕਰ ਸਕੈ॥
ਧਰਮ ਉਪਰ ਆਉ ਚਿੱਤ੍ਰ ਕੀ ਨਿਆਈਂ ॥੬੫॥
ਰੁਬਾਈ–ਮਰਾ ਈਂ ਕਾਰ ਮੁਸ਼ਕਲ ਮੇ ਨੁਮਾਯਦ।
ਸ਼ੁਮਾ ਰਾ ਬਾ ਫਕੀਰਾਂ ਜੰਗ ਬਾਯਦ।
ਅਗਰ ਬਿਹਬੂਦ ਬਾਜ਼ ਦਿਹ ਬਾਜ਼।
ਕਿ ਅਜ਼ ਸ਼ਾਹ ਮੁਦਅ੍ਆ ਆਂ ਬਾਜ਼ ਪਰ ਬਾਜ਼[੯੩]।
ਅਰਥ–ਮੇਰੇ ਭਾਈਂ ਇਹ ਕੰਮ ਨਜ਼ਰ ਨਹੀਂ ਆਂਵਦਾ
ਜੋ ਲੜੇਂਗਾ।
ਤੁਸੀਂ ਫ਼ਕੀਰ ਹੋ ਜੁੱਧ ਨਹੀਂ ਚਾਹੀਦਾ।
ਅਗਰ ਭਲੀ ਹੈ ਤਾਂ ਬਾਜ਼ ਦੇ ਦੇਹ।
ਜੇਕਰ ਸ਼ਾਹ ਮੇਰਾ ਸੁਣੇਗਾ ਤਾਂ ਕਈ ਬਾਜ਼ ਲਵੇਗਾ ॥੬੬॥
ਰੁਬਾਈ–ਹਨੌਜ਼ ਤੇ ਬਾ ਫਕੀਰਾਂ ਕਾਰ ਮਾਂਦਹ।
ਖ਼ੁਰਦਹ ਮਾ ਤਬਰ ਬਰ-ਨਸ਼ਾਂਦਹ?
ਨ ਈਂ ਕਾਰੇ ਤਿਫਲਾਂ ਜੰਗ ਬਾਜ਼ੀ।
ਦਰੀਂ ਜਾ ਹਜ਼ਾਰਾਂ ਅਸਪ ਤਾਜ਼ੀ[੯੪]।

---

[੯੩]ਮੈਨੂੰ ਇਹ ਗਲ ਔਖੀ ਦਿੱਸਦੀ ਹੈ ਕਿ ਤੇਰੇ ਜੈਸੇ ਫਕੀਰਾਂ ਨਾਲ ਬੀ ਜੰਗ ਦੀ ਲੋੜ ਹੈ। ਚੰਗੀ ਗੱਲ ਇਹ ਹੈ ਕਿ ਬਾਜ਼ ਮੋੜ ਦੇਹ। ਚੌਥੀ ਸਤਰ ਦੇ ਲਫ਼ਜ਼ ਸਪਸ਼ਟ ਨਹੀਂ, ਕੋਈ ਠੀਕ ਅਰਥ ਨਹੀਂ ਬਣਦਾ ਤੇ ਉਹ ਉਲਥਾ ਬੀ ਨਹੀਂ ਬਣਦਾ ਜੋ ਲੇਖਕ ਨੇ ਦਿੱਤਾ ਹੈ। [੯੪]ਅਜੇ ਤੇਰੇ ਵਰਗੇ ਫ਼ਕੀਰਾਂ ਨਾਲ ਕੰਮ (ਲੜਾਈ ਦਾ) ਰਹਿੰਦਾ ਹੈ, ਮੇਰਾ ਤਬਰ ਖਾ ਕੇ (ਕੀ) ਬੈਠਾ ਰਹੇਂਗਾ? ਇਹ ਜੰਗ ਦੀ ਖੇਡ ਬੱਚਿਆਂ ਦਾ ਕੰਮ ਨਹੀਂ, ਏਥੇ ਤਾਂ ਹਜ਼ਾਰਾਂ ਅਰਬੀ ਘੋੜੇ ਹਨ।

ਅਰਬ-ਮਾਰਨ ਦਾ ਕੰਮ ਨਹੀਂ ਫਕੀਰਾਂ ਨੋ,
ਖਾਇਕੇ ਮੇਰਾ ਤਬਰ ਬੈਠਾ ਨਹੀਂ ਰਹੇਂਗਾ।
ਜੰਗ ਮੁੰਡਿਆਂ ਦਾ ਕੰਮ ਨਹੀਂ,
ਲਾਖ ਘੋੜਾ ਐਥੇ ਦੇਖ ॥ ੬੭ ।
ਰੁਬਾਈ-ਚੁ ਬਾਰਾਂ ਤੀਰ ਮੇ ਬਾਰੰਦ ਦਰ ਜੰਗ।
ਹਜ਼ਰ ਕੁਨ ਤਾ ਨ-ਉਫ਼ਤੀ ਦਰ ਕੈਦੇ ਫਰਹੰਗ।
ਬ-ਗੁਫ਼ਤਹ ਈਂ ਦਵਾਦਹ ਅਸਪ ਮੈਦਾਂ,
ਬ-ਦਸਤ ਨੇਜ਼ਹ ਰੰਗੀਂ ਦਾਦ ਜੌਲਾਂ[੯੫]।
ਅਰਬ-ਤੀਰੋਂ ਦੀ ਬਰਖਾ ਹੋਵੇਗੀ ਜੰਗ ਅੰਦਰ।
ਬਾਜ਼ ਹਾਜ਼ਰ ਕਰ ਹੇਰ ਫੇਰ ਨਾ ਕਰ।
ਐਸੇ ਕਹਿਕੇ ਘੋੜਾ ਦੁੜਾਇਆ।
ਬੀਚ ਹਾਥ ਕੇ ਨੇਜ਼ਾ ਲੈਕੇ ਜੁਦਾ ਹੂਆ ਜੰਗ ਕੋ ॥੬੮॥
ਪਉੜੀ-ਕਕੇ ਬੂਰੇ ਦਿੱਸਣ ਮੁਗਲ ਡਰਾਵਣੇ।
ਦੰਦੀ ਵੱਢਾ ਵੱਢ ਦੁੰਬੇ ਜਿਨ੍ਹ ਖਾਵਣੇ।
ਰਣ ਵਿਚ ਉਚੇ ਜਾਪਣ ਬੁਰਜ ਸੁਹਾਵਣੇ।

---

[੯੫]ਜੰਗ ਵਿਚ ਮੀਂਹ ਵਾਂਗ ਤੀਰ ਬਰਸਿਆ ਕਰਦੇ ਹਨ, ਪ੍ਰਹੇਜ਼ ਕਰ, ਤਾਂ ਕਿ ਸ਼ਾਹੀ ਕੈਦ ਵਿਚ ਨਾ ਤੂੰ ਜਾ ਪਵੇਂ। ਇਹ ਕਹਿੰਦਿਆਂ ਉਸ ਨੇ ਘੋੜੇ ਨੂੰ ਮੈਦਾਨ ਵਿਚ ਦੌੜਾਇਆ, ਤੇ ਹਥ ਵਿਚ ਫੜੇ ਰੰਗੀਨ ਨੇਜ਼ੇ ਨੂੰ ਘੁਮਾਇਆ। ['ਫਰੰਗ' ਲਫਜ਼ ਦੇ ਅਰਥ ਹਨ : ਯੂਰਪੀਨ, ਨਸਾਰਾ ਦੇਸ ਦਾ। ਫਰਹੰਗ ਦੇ ਅਰਥ ਹਨ ਅਕਲ, ਅਦਬ, ਪਰ ਇਥੇ ਇਸ ਦਾ ਭਾਵ ਬਾਦਸ਼ਾਹੀ (ਕੈਦ) ਜਾਪਦਾ ਹੈ। ਦਾਦ ਜੌਲਾਂ= ਦੌੜ ਦਿੱਤੀ, ਭਾਵ ਉਭਾਰਿਆ ਯਾ ਘੁਮਾਇਆ]।

ਵਾਹਿਗੁਰੂ ਦੀ ਹੱਥੀਂ ਮਿਲੇ ਗਿੜਾਵਣੇ[੯੬]।
ਧਰਮਰਾਇ ਫੜ ਆਂਦੇ ਸੱਭ ਕੁਹਾਵਣੇ ॥੬੯॥
ਭਾਈਆਂ ਨੂੰ ਮੁੜ ਭਾਈ ਨਹੀਂ ਮਿਲਾਵਣੇ।
ਲੜਿ ਲੜਿ ਭੇੜ ਵਿਖਾਇ ਖਸਮ[੯੭] ਰੀਝਾਵਣੇ।
ਆਏ ਰਲ ਮਿਲ ਸੱਭੇ ਭੜਥੂ ਪਾਵਣੇ।
ਢੋਲਾਂ ਵਾਲੇ ਲੱਗੇ ਢੋਲ ਵਜਾਵਣੇ।
ਜਿਸ ਦਿਨ ਮਰਸਨ ਓਹੁ ਡੂੰਮਾ ਜਸੁ ਗਾਵਣੇ[੯੮]॥੭੦॥

ਭੂਲਣੇ—[੯੯]ਤੁਸੀਂ ਮੁਗਲ ਪਠਾਣ ਕਹਾਇਕੇ ਜੀ, ਭੋਰਾ ਖੌਫ ਨਾ ਕਿਸੇ ਦਾ ਰੱਖਦੇ ਹੋ। 'ਡਾਢੇ ਰੱਬ ਨੂੰ ਮੂਲ ਨਾ ਯਾਦ ਕਰਦੇ, ਐਵੇਂ ਮਰਗ ਪਿਆਲੜਾ ਚੱਖਦੇ ਹੋ। 'ਰੱਬ ਚਾਇ ਫਕੀਰਾਂ ਨੂੰ ਸ਼ਾਹੁ ਕਰੇ, ਮੀਆਂ ਭੇਤੁ ਨਾ ਰੱਬ ਦਾ ਲੱਖਦੇ ਹੋ। 'ਕਰੇ ਢਾਹਕੇ ਸਾਫ ਉਹ ਪਰਬਤਾਂ ਨੂੰ, ਤੁਸੀਂ ਕਉਣ ਕਮੀਨੜੇ ਕੱਖ ਦੇ ਹੋ' ॥ ੭੧ ॥ ਕਹਿਆ ਗੁਰੂ ਸੁਣਾਇਕੈ ਸਭਨਾਂ ਨੂੰ: 'ਅਸੀਂ ਜੰਗ ਥੋਂ ਮੂਲ ਨ ਮੰਗਦੇ ਹਾਂ। 'ਤੁਸੀਂ ਬਾਜ਼ ਹੀ ਬਾਜ਼ ਪੁਕਾਰਦੇ ਹੋ, ਅਸੀਂ ਤਾਜ ਤੁਹਾਡਾ ਭੀ ਮੰਗਦੇ ਹਾਂ। 'ਕਈ ਬੈਰੀਆਂ ਦੀ ਸਾਨੂੰ ਕਾਣ ਨਾਹੀਂ, ਅਸੀਂ ਬੈਰੀ

---

[੯੬]ਓਹ (ਬੁਰਜ) ਗੁਰੂ ਜੀ ਦੀ ਹੱਥੀਂ ਡੇਗਣੇ ਬਣੇ।

[੯੭]ਆਪਣੇ ਮਾਲਕ ਨੂੰ।

[੯੮]ਭਾਵ ਮਰਾਸੀ ਸ਼ਹੀਦਾਂ ਦੀਆਂ ਵਾਰਾਂ ਗਾਉਣਗੇ।

[੯੯]ਅੰਕ ੬੯ ਤੋਂ ੭੩ ਤੱਕ ਛੰਦ ਪੰਜਾਬੀ ਭਾਸ਼ਾ ਦੇ ਹਨ। ਇਥੋਂ ਅਗੇ ਗੁਰੂ ਜੀ ਮਾਨੋ ਕਹਿੰਦੇ ਹਨ ਵੈਰੀਆਂ ਨੂੰ।

ਨੂੰ ਮਾਰਕੇ ਟੰਗਦੇ ਹਾਂ। 'ਤੁਸੀਂ ਫੌਜ ਦਾ ਕਰੋ ਗੁਮਾਨ ਯਾਰੋ, ਅਸੀਂ ਤਾਣ ਅਕਾਲ ਦਾ ਮੰਗਦੇ ਹਾਂ' ॥ ੧੨ ॥ ਗੁਰੂ ਰਸਨਾ ਥੋਂ ਏਹੁ ਉਚਾਰਕੇ ਜੀ ਘੋੜਾ ਪੇਲਿ[100] ਮੈਦਾਨ ਦੇ ਬਿੱਚ ਆਯਾ। ਖੰਡਾ ਧੂਹ ਮਯਾਨ ਥੋਂ ਜੁਦਾ ਕੀਤਾ, ਹੱਥੀਂ ਦੁਹੀਂ ਪਠਾਣ ਦੇ ਸੀਸ ਲਾਯਾ। ਜਿਵੇਂ ਰੁੱਖ ਦਾ ਚੀਰ ਕਰਵੱਤ ਪਾਵੇ ਤਿਵੇਂ ਜੁੱਸਾ ਪਠਾਣ ਦਾ ਦਿੱਸ ਆਯਾ[101] ॥ ੧੩ ॥

ਦੋਹਾ—ਦੁਇ ਦਲ ਆਪਸ ਮੇ ਜੁੜੇ ਭਯਾ ਅੰਧੇਰ ਜਹਾਨ। ਸੂਰਜ ਨਜਰੀ ਨਾ ਪਵੈ ਗਰਦ ਚੜੀ ਅਸਮਾਨ ॥ ੧੪ ॥

ਸ੍ਵੈਯਾ—ਮਾਰ ਕਰੀ ਤਰਵਾਰਨ ਕੀ ਗੁਰ ਲੋਥਨ ਊਪਰ ਲੋਥ ਗਿਰਾਈ। ਲੋਥ ਕੇ ਊਪਰ ਲੋਥ ਧਰੀ ਸੁ ਮਨੋ ਸੁਰ-ਲੋਕ ਲੌ ਸੀਢੀ[102] ਬਨਾਈ। ਜੋਊ ਬਚੇ ਤੇਊ ਭਾਗ ਗਏ ਤਿਨ ਆਪਨੇ ਸ਼ਾਹ ਸੋਂ ਜਾਇ ਸੁਨਾਈ। ਜੀਤ ਭਈ ਰਨ ਮੇ ਗੁਰ ਕੀ ਫਿਰੀ ਮਧਯ ਅਕਾਸ਼ ਮੇ ਰਾਮਦੁਹਾਈ[103] ॥ ੧੫ ॥

ਦੋਹਾ—ਸੁਨ ਕੇ ਸ਼ਾਹ ਜਹਾਨ ਨੇ ਕੀਨਾ ਬਹੁ ਅਫਸੋਸ।
'ਵਹੁ ਤੋ ਪੂਰਾ ਸਤਿਗੁਰੂ ਚਲੈ ਨ ਤਾਂ ਸੋਂ ਰੋਸ'॥੧੬॥
ਬਹੁਰੋ ਸਾਖੀ ਅਵਰ ਇਕ ਤੋ ਸੋਂ ਕਹੌਂ ਸੁਨਾਇ।

---

[100]ਮੋੜਕੇ।

[101]ਇਸ ਛੰਦ ਵਿਚ ਇਕ ਚਰਨ ਘੱਟ ਹੈ। [102]ਪੌੜੀ।

[103]ਭਾਵ ਗੁਰੂ ਜੀ ਦੀ ਦੁਹਾਈ।

ਸੁਨਤੇ ਬਕਤੇ ਦੋਊ ਕੋ ਹੋਵੈ ਰਾਮ ਸਹਾਇ ॥ ੭੭ ॥

ਭਾਈ ਬਿਧੀ ਚੰਦ ਦਾ ਘੋੜੇ ਲਿਆਉਣਾ

ਕਾਬਲ ਕੀ ਸੰਗਤ ਸਭੈ ਆਈ ਸਤਿਗੁਰ ਪਾਸ ॥ ਅਪਨੀ ਅਪਨੀ ਭੇਟ ਧਰ ਸਭਨ ਕਰੀ ਅਰਦਾਸ ॥ ੭੮ ॥ ਪੂਛੀ ਤਿਨ ਸੋਂ ਸਤਿਗੁਰੂ ਸ਼ਾਹ ਜਹਾਂ ਕੀ ਬਾਤ ।'ਆਏ ਰਾਹ ਲਾਹੌਰ ਕੋ ਕਹੋ ਮੋਹਿ ਪੈ ਸਾਤ[108] ॥ ੭੯ ॥ ਏਕ ਸਿੱਖ ਤਿਨ ਸੋਂ ਉਠਾ ਬਿਨਤੀ ਕਰਿ ਕਰ ਜੋਰਿ ॥ 'ਮੈਂ ਆਇਆ ਹੂੰ ਦੇਖ ਕੇ ਆਛੀ ਭਾਂਤਿ ਲਹੌਰ ॥ ੮੦ ॥ 'ਸ਼ਾਹ ਜਹਾਂ ਕੇ ਘਰ ਬਿਖੇ ਕਮੀ ਕਛੂ ਕੀ ਨਾਂਹਿ । 'ਜੋੜੀ ਏਕ ਤੁਰੰਗ ਕੀ ਆਛੀ ਤਿਹ ਘਰ ਮਾਂਹਿ ॥ ੮੧ ॥

ਛੰਦ–'ਹੇ ਗੁਰ ਤੇਰੇ ਚੜਨੇ ਲਾਇਕ ਓਹੁ ਜੋੜੀ ਮੋਕੋ ਦਰਸਾਵੈ । 'ਸ਼ਾਹ ਜਹਾਂ ਉਨ ਪਰ ਕਜੋਂ ਚੜ੍ਹ ਹੈ ਐਸੀ ਬਾਤ ਮੁਝੇ ਨਹੀਂ ਭਾਵੈ । 'ਐਸਾ ਪੁਰਖ ਜਿ ਕੋਈ ਹੋਵੈ ਉਸ ਜੋੜੀ ਕੋ ਈਹਾਂ ਲਜਾਵੈ । 'ਜਨਮ ਮਰਨ ਤੇ ਮੁਕਤਾ ਹੋਵੈ ਵਾਹੁ ਵਾਹੁ ਜਗ ਮਾਝ ਕਹਾਵੈ' ॥ ੮੨ ॥

ਸੂਚਨਾ–ਇਸ ਤੋਂ ਅਗੇ ਛੰਦ ਅੰਕ ੧੩੦ ਤੱਕ ਓਹੀ ਲੰਬਾ ਪ੍ਰਸੰਗ ਹੈ ਕਿ ਭਾਈ ਬਿਧੀ ਚੰਦ ਨੇ ਦੋ ਵਾਰੀ ਲਾਹੌਰ ਜਾਕੇ ਦੋਨੋਂ ਘੋੜੇ ਗੁਰੂ ਜੀ ਦੇ ਪਾਸ ਲੈ ਆਂਦੇ; ਪਰ ਇਥੇ

---

[108] ਸਤਜ, ਸੱਚੀ ਗੱਲ ।

ਇਹ ਨਹੀਂ ਲਿਖਿਆ, ਜੋ ਹੋਰਨਾਂ ਇਤਿਹਾਸ ਲੇਖਕ ਨੇ ਦੱਸਿਆ ਹੈ ਕਿ ਇਹ ਘੋੜਿਆਂ ਦੀ ਜੋੜੀ ਇਹੋ ਕਾਬਲਾਂ ਦੀ ਸੰਗਤ ਗੁਰੂ ਜੀ ਲਈ ਲਿਆ ਰਹੀ ਸੀ ਪਰ ਰਾਹ ਵਿਚ ਸ਼ਾਹੀ ਕਾਰਿੰਦਿਆਂ ਨੇ ਸੰਗਤ ਪਾਸੋਂ ਖੋਹਕੇ ਸ਼ਾਹਜਹਾਂ ਪਾਸ ਪਹੁੰਚਾ ਦਿਤੀ ਸੀ । ਤੇ ਲੁੱਟੀ ਹੋਈ ਸੰਗਤ ਦੀ ਫਰਿਯਾਦ ਤੇ ਸਤਿਗੁਰੂ ਜੀ ਨੇ ਭਾਈ ਬਿਧੀ ਚੰਦ ਨੂੰ ਘੋੜੇ ਵਾਪਸ ਗੁਰੂ ਦਰਬਾਰ ਲੈ ਆਉਣ ਦੀ ਸੇਵਾ ਸੌਂਪੀ ਉਹ ਬੜੀ ਚਤੁਰਤਾ ਨਾਲ ਘੋੜੇ ਸ਼ਾਹੀ ਕਿਲ੍ਹੇ ਵਿਚੋਂ ਤੇ ਵਾਪਸ ਗੁਰੂ ਦਰਬਾਰ ਲੈ ਆਇਆ, ਤੇ ਇਥੇ ਛੇਵੇਂ ਪਾਤਸ਼ਾਹ ਦਾ ਪ੍ਰਸੰਗ ਸਮਾਪਤ ਹੋ ਗਿਆ ।

ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ

ਦੋਹਰਾ ॥ ਹਰਿ ਗੁਬਿੰਦ ਗੁਰ ਕ੍ਰਿਪਾ ਕਰ ਨਾਤੀ[104] ਲੀਓ ਬੁਲਾਇ । ਤਾਂਕੋ ਗੁਰਿਆਈ ਦਈ ਸ੍ਰੀ ਸਤਿਗੁਰੁ ਹਰਿ ਰਾਇ ॥੧੩੧॥

ਸ੍ਵੈਯਾ—ਤਾਂਤੇ ਭਏ ਹਰਿ ਰਾਯ ਗੁਰੂ ਗੁਰ ਨਾਤੀ ਕੋ ਚਾਇ ਦਈ ਹੈ ਗੁਰਾਈ । ਧੰਨ ਹੀ ਧੰਨ ਕਹੋ ਗੁਰ ਕੋ ਜਿਨ ਨੌਬਤ ਦੀਨ ਦੁਨੀ ਮੈਂ ਬਜਾਈ । ਦੇਵ ਔ ਦੈਤ ਸੋ ਖਾਇਕੈ ਤ੍ਰਾਸ ਜੁਉ ਆਇ ਪਰੇ ਗੁਰ ਕੀ ਸਰਨਾਈ । ਮੇਟ ਦਏ ਦੁਖ ਲੋਕ ਪ੍ਰਲੋਕ ਕਲਾ ਨਿਧ ਸਾਤ ਮਹੱਲ ਘਨਾਈ[106] ॥੧੩੨॥ ਸੂਰਨ ਕੋ ਗੁਰੂ ਸੂਰ

---

[104] ਪੋਤ੍ਰਾ ।

[106] ਸੱਤਵੇਂ ਪਾਤਸ਼ਾਹ ਵਿਚ ਭਾਰੀ ਕਲਾ (ਸ਼ਕਤੀ) ਸੀ, ਘਨਾਈ=ਘਣੀ, ਬਹੁਤੀ ।

ਦਿਖਾਵਤ[107], ਮੱਲ ਕੋ ਮੱਲ[108] ਹੈ ਦੇਤ ਦਿਖਾਈ। ਸਿੱਖਨ ਕੋ ਗੁਰ ਰੂਪ ਦਿਖਾਵਤ, ਜੁਵਤਨ ਕੋ ਨਿਜ ਰੂਪ ਕਨ੍ਹਾਈ[109]। ਸ਼ਾਹਨ ਕੋ ਪਾਤਿਸਾਹੁ ਦਿਖਾਵਤ, ਯਾਹੀ ਮੇ ਭੇਦ ਨਹੀਂ ਇਕੁ ਰਾਈ। ਧੰਨ ਕਹੋ ਹਰਿ ਰਾਯ ਗੁਰੂ ਜਿਨ ਤੀਨਹੂੰ ਲੋਕ ਮੈਂ ਕੀਨੀ ਗੁਰਾਈ ॥੧੩੩॥ ਸਿੱਖਨ ਕੋ ਜੈਸੇ ਭ੍ਰਿੰਗਿ ਕਹਾਵਤਿ, ਆਪ ਸਮਾਨ ਕਰੈਂ ਪਲ ਮਾਹੀ[110]। ਰੰਕਨ ਕੋ ਗੁਰੂ ਭੂਪ ਕਰੈ, ਜੈਸੇ ਪਾਰਸ ਤੇ ਕਹੂੰ ਦਾਰਿਦ[111] ਨਾਂਹੀ। ਪਾਪਨ[112] ਤਾਰਿਬੇ ਕੋ ਗੁਰ ਕੇਵਟ[113] ਯਾਂ ਕੇ ਸਮਾਨ ਨ ਹੋਇ ਕਦਾਹੀ। ਨਾਂਹਿ ਗੁਰੂ ਹਰਿਰਾਯ ਸੋ ਦੂਸਰ ਤੀਨਹੂੰ ਲੋਕ ਮੇ ਢੂੰਡਨ ਜਾਂਹੀ ॥੫੩੪॥ ਦਾਰਿਦ[114] ਤੇ ਜੋਊ ਜਾਪ ਕਰੈ ਤਿਹ ਦਾਰਿਦ ਧਾਮ

---

[107] ਸੂਰਮਿਆਂ ਨੂੰ ਗੁਰੂ ਜੀਬਲੀ ਯੋਧੇ ਦਿਸਦੇ ਸਨ।

[108] ਪਹਿਲਵਾਨ, ਮੁਰਾਦ ਅਤਿ ਬਲਵਾਨ।

[109] ਇਸਤ੍ਰੀਆਂ (ਗੋਪੀਆਂ) ਨੂੰ ਆਪਣਾ ਕ੍ਰਿਸ਼ਨ ਰੂਪ।

[110] ਭ੍ਰਿੰਗੀ ਵਾਂਗ ਸਿਖਾਂ ਨੂੰ ਗੁਰੂ ਜੀ ਆਪਣੇ ਸਮਾਨ ਕਰ ਲੈਂਦੇ ਹਨ, ਦੇਰ ਨਹੀਂ ਲਗਦੀ। ਭ੍ਰਿੰਗੀ ਇਕ ਪ੍ਰਕਾਰ ਦੀ ਤਿਤਲੀ ਹੈ ਜੋ ਕਈ ਭਾਂਤ ਦੇ ਕੀੜਿਆਂ ਸੁੰਡੀਆਂ ਨੂੰ ਆਪਣੇ ਵਰਗੇ ਬਣਾ ਲੈਂਦੀ ਹੈ।

[111] ਗਰੀਬੀ, ਕੰਗਾਲੀ, ਨਿਰਧਨਤਾ।

[112] ਪਾਪੀਆਂ ਨੂੰ। [113] ਮਲਾਹ।

[114] ਗਰੀਬੀ ਵਿਚ।

ਮੈ ਨਾਹਿ ਰਹਾਵੈ। ਕਾਹੂ ਕੋ ਹੋਇ ਜੋ ਰੋਗ ਅਸਾਧ ਤੋ ਜਾਪ ਕੀਏ ਤਿਹ ਰੋਗ ਨਸਾਵੈ। ਨਾਹਿ ਕੋਊ ਗੁਰ ਕੇ ਸਮ ਸਾਜਨ ਤੀਨ ਹੂੰ ਲੋਕ ਮੈ ਢੂੰਡਨ ਜਾਵੈ। ਜਾਪੁ ਕਰੈ ਕੋਊ ਪੂਤ ਬਿਹੀਨ ਤੋ ਯਾਹੀ ਸਮਯ ਗੁਰ ਤੇ ਸੁਤ ਪਾਵੈ ॥੧੩੫॥ ਬੰਦ[115] ਕੇ ਤ੍ਰਾਸ ਤੇ ਜਾਪੁ ਕਰੈ ਕੋਊ ਆਵਨ ਜਾਨ ਮਿਟੈ ਤਿਸ ਕੇਰਾ। ਦੇਹਿ ਕੇ ਛੂਟਤ ਹੀ ਜਗ ਤੇ ਫਿਰ ਰਾਮ ਕੇ ਧਾਮ ਮੈ ਹੋਇ ਬਸੇਰਾ। ਚਾਰ ਪਦਾਰਥ ਪਾਵਤ ਜਾਂਹੀ ਤੇ ਔਰ ਨਹੀਂ ਕੋਊ ਜਾਪੁ ਚੰਗੇਰਾ। ਬਾਰਹੀ ਬਾਰ ਪੁਕਾਰਤਹੌਂ ਤੁਹਿ, ਕਿਉਂ ਨ ਪਤੀਜਤ ਰੇ ਮਨ ਮੇਰਾ ॥੧੩੬॥

ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ

ਦੋਹਾ—ਤਾਰਨ ਬਿਸੁ[116] ਬ੍ਰਹਮੰਡ ਕੋ ਲੀਆ ਗੁਰ ਅਵਤਾਰ ॥ ਨਾਮੁ ਸਿਰੀ ਹਰਿ ਕ੍ਰਿਸ਼ਨ ਕਹੁ ਜਾਂਤੇ ਹੋਤੁ ਉਧਾਰ ॥੧੩੭॥

ਸ੍ਵੈਯਾ—ਆਨੰਦ ਰੂਪ ਅਨੂਪ ਕਲਾ ਤੁਤਲੀ ਰਸਨਾ ਮ੍ਰਿਦੁ[117] ਬੋਲਤ ਬਾਨੀ। ਨੂਪਰ[118] ਕੰਕਨ[119] ਕੁੰਕਮ[120] ਭਾਲ ਤੇ ਤੀਨ ਹੂੰ ਲੋਕ ਕੀ ਨਾਰਿ ਲੁਭਾਨੀ। ਘੁਟਰਨ[121] ਚਾਲ ਚਲੈਂ ਸ੍ਰੀ ਕ੍ਰਿਸ਼ਨ ਜਜੁ ਮਾਤ

---

[115]ਕੈਦ ਅਥਵਾ ਜਨਮ ਮਰਨ ਦੀ ਕੈਦ। [116] ਵਿਸ਼੍ਵ, ਸੰਸਾਰ।
[117]ਕੋਮਲ, ਮਿੱਠੀ।
[118]ਪੈਰਾਂ ਦਾ ਗਹਿਣਾ, ਪਾਉਂਟੇ। [119]ਕੜੇ।
[120]ਕੇਸਰ। [121] ਗੋਡਿਆਂ ਭਾਰ, ਗੁਡਲੀ।

ਜਸੋਮਤਿ ਜਜੁ ਮਾਤ ਹਿਤਾਨੀ[122]। ਕੇਲਿ[123]ਕਰੈਂ ਸੰਗ ਬਾਲਨ ਕੇ ਨਿਸ ਸੋਵੈਂ ਜੋ ਮਾਤ ਸੁਨਾਵੈ ਕਹਾਨੀ ॥੧੩੮॥ ਦੇਖਨ ਮੈ ਸਸਿ ਦੂਜ[124] ਦਿਖਾਵਤ ਜੋਤਿ ਮੈਂ ਜਾਨਹੁ ਪੂਰਨਮਾਸੀ[125]। ਸੰਗਤ ਭਉਜਲ ਤਾਰਨ ਕੋ ਹਰਿ ਕ੍ਰਿਸ਼ਨ ਕਾ ਰੂਪ ਲੀਆ ਅਬਿਨਾਸੀ। ਦਾਰਿਮ ਦੰਤਨ ਤੇ[126] ਸੁਨੀਓ ਤਬ ਫੂਲ ਝਰੈਂ ਜੋ ਉਚਾਰਤ ਹਾਸੀ॥ ਐਸੇ ਸਰੂਪ ਕਾ ਧਜਾਨ ਧਰੈਂ ਜੋਊ, ਟੂਟਤ ਹੈ ਤਿਨਕੀ ਜਮ ਫਾਸੀ ॥ ੧੩੯ ॥ ਪਾਂਚ ਹੀ ਬਰਖ ਲੌ ਕੇਲ ਕਰੀ ਗੁਰ ਪਾਛੇ ਤੇ ਟੀਕਾ ਭਯਾ ਗੁਰਿਆਈ ॥ ਮੋਹਿ ਅਨਾਥ ਤੇ[127] ਪਾਰ ਨ ਪਾਯਤ ਚੰਦ ਔ ਸੂਰ ਤੇ ਜੋਤਿ ਸਵਾਈ ॥ ਧਾਰਿ ਕੇ ਰੂਪ ਗੁਰੂ ਹਰਿ ਕ੍ਰਿਸਨ ਕਾ ਨਾਨਕ ਆਪਨੀ ਜੋਤਿ ਜਗਾਈ ॥ ਸਾਤ ਅਕਾਸ ਔ ਸਾਤ ਪਤਾਲ ਹੈ ਚੌਧਹੂੰ ਲੋਕ ਮੈਂ ਹੋਈ ਬਧਾਈ ॥ ੧੪੦ ॥

---

[122]ਕ੍ਰਿਸ਼ਨ ਦੀ ਮਾਤਾ ਜਸੁਮਤੀ ਵਾਂਗ ਗੁਰੂ ਜੀ ਦੀ ਮਾਤਾ ਹਿਤ ਕਰਦੀ ਭਾਵ ਲਾਡ ਲਡਾਉਂਦੀ ਹੈ।

[123]ਖੇਡਦੇ ਹਨ। [124] ਦੂਜ ਦਾ ਚੰਦ੍ਰਮਾ।

[125]ਪਰ ਜੋਤਿ ਵਿਚ ਪੂਰਨਮਾਸ਼ੀ ਦੇ ਚੰਦ ਸਮਾਨ ਪੂਰਨ ਪ੍ਰਕਾਸ਼ਮਾਨ ਹਨ।

[126]ਅਨਾਰ ਦੇ ਦਾਣਿਆਂ ਵਰਗੇ ਦੰਦਾਂ ਤੋਂ।

[127]ਮੈਂ ਅਨਾਥ ਤੋਂ ਭਾਵ ਕਵੀ ਕੰਕਣ ਤੋਂ।

ਖੇਵਟ[128] ਕਾ ਬਪੁ ਹੋਇ ਪੁਰਾਤਨ ਨੌਤਨ[129] ਔਰ ਬਹਾਵਤ ਹੈਂ। ਚੋਰ ਔ ਯਾਰ ਅਨੇਕ ਖੜੇ ਤਿਨ ਕਹੁ ਵਹੁ ਪਾਰ ਲੰਘਾਵਤ ਹੈਂ। ਤੈਸੇ ਹੀ ਨੌਤਨ ਧਾਰ ਕੇ ਰੂਪ ਗੁਰੂ ਹਰਿ ਕ੍ਰਿਸ਼ਨ ਕਹਾਵਤ ਹੈਂ। ਜੋ ਨਰ ਪੱਤਣ ਆਵਤ ਹੈ ਤਿਸੁ ਭੈਜਲ ਮਾਂਹਿ ਤਰਾਵਤ ਹੈਂ ॥ ॥੧੪੧॥ ਪੱਤਣ ਛੋਡ ਗੁਰੂ ਹਰਿ ਕ੍ਰਿਸਨ ਕਾ ਜਾਯ ਪੜੈਗਾ ਅਵੱਤਣ[130] ਜੋਈ। ਕਾਹੇ ਕਉ ਭੈਜਲ ਪਾਰ ਪਰੇ ਵਹੁ ਬੀਚ ਹੀ ਮੈ ਬੁਡ ਜਾਇਗਾ[131] ਸੋਈ। ਜਾਨ ਰੇ ਜਾਨ ਅਜਾਨ ਮਨਾ ਹਰਿ ਕ੍ਰਿਸਨ ਸਮਾਨ ਮਲਾਹੁ ਨ ਕੋਈ। ਤਾਂਹਿਕੇ ਨਾਮ ਕੀ ਜਾਨ ਲਹੌ ਸਭ 'ਕੰਕ' ਸਦਾ ਉਰ ਮਾਲ ਪਰੋਈ[132] ॥੧੪੨॥ ਤੀਨ ਹੂੰ ਬਰਸ ਕਰੀ ਗੁਰਿਆਈ ਤੌ ਸੁਰਪੁਰਿ ਤੇ ਭਈ ਆਇ ਰਵਾਰੀ[133]। 'ਇੰਦ੍ਰ ਪੁਰੀ

---

[128]ਮਲਾਹ, ਤਾਰਨਹਾਰ।

[129]ਨਵਾਂ ਸਰੂਪ, ਨਵਾਂ ਸਰੀਰ। ਜੇ ਪਾਠ 'ਨੌਤ੍ਰਣ' ਹੋਵੇ ਤਾਂ ਅਰਥ ਹੋਵੇਗਾ : ਨਦੀ, ਜਲ ਯਾਤ੍ਰਾ।

[130]ਅਪੱਤਣ=ਜੋ ਪੱਤਣ ਨਹੀਂ। (ਅ) ਆਵਰਤਣ= ਘੁੰਮਣ ਘੇਰੀ, ਡੂੰਘੇ ਜਲ ਦਾ ਚੱਕਰ। (ੲ) ਆਵੱਟਣ=ਜੋਸ਼, ਉਬਾਲਾ, ਹਿਲਜੁਲ, ਭਾਵ ਰੋੜ੍ਹ ਪਾਣੀ ਦਾ ਵੇਗ।

[131]ਡੁੱਬ ਜਾਏਗਾ।

[132]ਓਸੇ ਦੇ ਨਾਮ ਦੀ ਮਾਲਾ ਸਭੇ ਜਾਣ ਲਵੋ ਕਿ ਕਵੀ ਕੰਕਣ ਨੇ ਆਪਣੇ ਹਿਰਦੇ ਵਿਚ ਪਰੋਈ ਹੋਈ ਹੈ।

[133]ਏਲਚੀ, ਸੱਦਾ ਲਿਆਉਣ ਵਾਲਾ ਦੂਤ।

ਮੇ ਅੰਧੇਰ ਪਰਾ ਅਬ ਹੇ ਗੁਰ ਬੇਗ[134] ਕਰੋ ਅਸਵਾਰੀ । 'ਤੇਤੀਸ ਕਰੋੜ ਬਸੈ ਤਿਹ ਦੇਵ ਸੁ ਬਾਟ[135] ਤਿਹਾਰੀ ਕੋ ਨੈਨ ਨਿਹਾਰੀ'। ਦਰਸ ਦਿਖਾਵਨ ਕੋ ਤਿਨਕੋ ਗੁਰੁ ਬਾਲ ਅਵਸਥ ਮੈ ਕੀਨੀ ਤਯਾਰੀ ॥੧੪੩॥ ਸਿੱਖ ਕਹੈਂ ਕਰ ਜੋਰ ਸਭੈ : 'ਮਨੁ ਲਾਇ ਸੁਨੋ ਅਰਦਾਸ ਹਮਾਰੀ। 'ਹੇ ਗੁਰ! ਤੋਹਿ ਬਿਨਾ ਜਗ ਮੈ ਜੈਸੇ ਸੂਰ ਦੁਰਾਏ[136] ਤੇ ਹੋਤ ਅੰਧਾਰੀ। 'ਕੌਨ ਗੁਰੂ ਹਮਰਾ ਜਗ ਮੈ, ਤੁਹਿ ਬਾਝ ਗੁਰੂ! ਦੁਖ ਹੋਇਗੋ ਭਾਰੀ'। ਏਤੀ ਸੁਨੀ ਗੁਰ ਕਾਂਨਨ ਸੋਂ ਤਬ ਸੈਂਨਨ[137] ਸੋਂ ਇਕ ਬਾਤ ਉਚਾਰੀ ॥੧੪੪॥

ਦੋਹਾ—"ਬਾਬਾ ਬੱਕਾਲੇ ਬਸੈ ਦੇਹੁ ਗੁਰਾਈ ਤਾਸ"।
ਏਤੀ ਬਾਤ ਉਚਾਰ ਕੇ ਛੋਰ ਦੀਏ ਗੁਰ ਸਾਸ ॥੧੪੫॥

ਸ੍ਵੈਯਾ—ਸਾਸੁ ਤਿਆਗਤ ਹੀ ਗੁਰ ਕੇ ਭਯਾ ਸਿੱਖਨ ਕੋ ਅਤਿ ਹੀ ਦੁਖ ਭਾਰੀ। ਚਾਰ ਹੀ ਬਰਨ ਇਕੱਤ੍ਰ ਭਏ ਮਿਲ ਰੋਵਤ ਹੈਂ ਸਗਲੇ ਨਰ ਨਾਰੀ। ਕੌਨ ਸਮੋਧ ਕਰੈ ਕਿਸ ਕੋ ਰਹੀ ਨਾਰੀ ਨ ਰੋਵਤੋ ਕੋਊ ਨ ਯਾ ਰੀ[138]। ਹਾਟ[139] ਮੇ ਰੋਵਤ ਹੈ ਬਨੀਯਾ ਸਭ,

---

[134]ਛੇਤੀ। [135]ਰਸਤਾ (ਆਪਦਾ)।

[136]ਸੂਰਜ ਦੇ ਛੁਪਣ ਨਾਲ।

[137]ਸੈਨਤ ਨਾਲ, ਇਸ਼ਾਰੇ ਨਾਲ।

[138]ਕੌਣ ਸਮਝਾਵੇ ਤੇ ਕਿਸਨੂੰ ਸਮਝਾਵੇ ਕਿ ਨਾ ਰੋਵੋ ਕਿਉਂਕਿ ਏਥੇ ਜਗ ਤੇ ਕਦੇ ਕੋਈ ਨਰ ਨਾਰੀ ਸਦਾ ਰਿਹਾ ਹੀ ਨਹੀਂ। [139]ਹੱਟੀ।

ਕੂਪ[140] ਪੈ ਰੋਵਤ ਹੈ ਪਨਹਾਰੀ[141] ॥੧੪੬॥ ਰੋਵਤ ਹੈਂ ਪੁਰਿ ਬਾਸਿ ਸਭੈ ਅਰ ਰੋਵਤ ਬਾਟ ਕੇ ਜਾਵਨ ਹਾਰੇ[142]। ਰੋਵਤ ਬਾਜ ਸੀਚਾਨ[143] ਸਭੈ ਅਰ ਰੋਵਤ ਹੈਂ ਖਗ[144] ਮ੍ਰਿਗ[145] ਔਸਾਰੇ। ਰੋਇ ਤੁਰੰਗਨ ਘਾਸ ਚਰੈਂ ਅਰੁ ਦੂਧ ਪੀਏਂ ਬਛੁਰੇ ਨ ਬਿਚਾਰੇ। ਰੋਵਨ ਤੇ ਨਹੀਂ ਕੋਊ ਰਹਾ ਸੁਨਿਆ ਜਿਨ ਵਾਹਿਗੁਰੂ ਹੈਂ ਸਿਧਾਰੇ[146] ॥੧੪੭॥

ਸ੍ਰੀ ਗੁਰੂ ਤੇਗ ਬਹਾਦਰ ਜੀ

[ਗੁਰੂ ਜੀ ਦੀ ਭਾਲ]

ਕਰਮ ਔ ਧਰਮ ਕੀਏ ਗੁਰ ਕੋ ਤਬ ਸਿੱਖਨ ਏ ਮਨ ਮੈਂ ਠਹਿਰਾਈ। ਹੋਇ ਇਕੱਤ੍ਰ ਬਕਾਲੇ ਚਲੋ ਦੇਖੋ ਕੌਨ ਕੋ ਦੀਨੀ ਹੈ ਰਾਮ[147] ਗੁਰਾਈ। ਆਗੇ ਬਕਾਲੇ ਮੇ ਏਹੁ ਭਈ ਘਰ ਹੀ ਘਰ ਮੇ ਇਕ ਖਾਟ ਬਿਛਾਈ। ਆਪ ਹੀ ਆਪ ਬਨੇ ਸਭ ਹੀ ਗੁਰੁ

---

[140]ਖੂਹ। [141]ਪਾਣੀ ਭਰਨ ਵਾਲੀ।

[142]ਭਾਵ ਰਾਹ ਟੁਰਨ ਵਾਲੇ ਪਾਂਧੀ ਬੀ ਰੋਂਦੇ ਹਨ।

[143]ਬਾਜ਼ ਤੋਂ ਛੋਟਾ ਤੇ ਸ਼ਿਕਰੇ ਤੋਂ ਵਡਾ ਇਕ ਸ਼ਿਕਾਰੀ ਪੰਛੀ। [144]ਅਕਾਸ਼ ਵਿਚ ਉਡਣ ਵਾਲੇ ਪੰਛੀ।

[145]ਹਰਨ ਭਾਵ ਧਰਤੀ ਤੇ ਤੁਰਨ ਵਾਲੇ ਸਾਰੇ ਚੌਪਾਏ ਜਾਨਵਰ। [ਔਸਾਰ=ਵਿਸਤਾਰ, ਫੈਲਾਉ। (ਅ) ਦਾਲਾਨ]। ਖਿੱਚਿਆ ਹੈ। [146]ਕਵੀ ਨੇ ਕਰੁਣਾ ਰਸ ਦਾ ਸੁਹਣਾ ਚਿਤ੍ਰ

[147]ਭਾਵ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ।

ਖੋਜ ਰਹੇ ਕਹੂੰ ਸੁੱਧ ਨ ਪਾਈ ॥੧੪੮॥ ਚਿੰਤ ਭਈ ਸਭ ਕੇ ਮਨ ਮੈਂ 'ਅਬ ਕੌਨ ਗੁਰੂ, ਕਿਸ ਕੋ ਸਿਰ ਨਜਾਈਏ ? 'ਪਾਖੰਡ ਕੇ ਗੁਰੂ ਹੂਏ ਅਨੇਕ ਪੈ ਸਾਚਾ ਗੁਰੂ ਕਿਹ ਭਾਂਤਿ ਤੇ ਪਾਈਏ ?' ਨਾਯਕ[੧੪੮] ਏਕ ਗਿਨੀ ਮਨ ਮੈਂ 'ਘਰ ਸੋਂ ਕਛੁ ਭੇਟ ਦੁਰਾਯ[੧੪੯] ਕੈ ਲਜਾਈਏ। 'ਜੋ ਗੁਰੁ ਹੋਇ ਸੁ ਮਾਂਗ ਲਏ ਨਿਜ ਭੇਟ ਨ ਤਾਂਹਿ ਕੋ ਕਾਹੂ ਦਿਖਾਈਏ' ।੧੪੯। ਲੀਨੀ ਹੈ ਭੇਟ ਦੁਰਾਯ ਕਛੂ ਤਿਨ ਭੇਦ ਨ ਕਾਂਹੁ ਸੋਂ ਆਖਿ ਸੁਨਾਯਾ। ਜੇਤੇ ਭਏ ਠਗ ਰੂਪ ਗੁਰੂ ਤਹਿਂ ਰਾਖ ਕੈ ਤੁੱਛ[੧੫੦] ਹੀ ਸੀਸ ਨਿਵਾਯਾ। ਲੇਤ ਖੁਸ਼ੀ ਉਠਿਆ ਤਹਿਂ ਤੇ ਗੁਰ ਤੇਗ ਬਹਾਦਰ ਕੇ ਘਰ ਆਯਾ। ਅਲਪ [੧੫੧]ਸੀ ਭੇਟ ਧਰੀ ਜਬ ਆਇਕੇ ਵਾਹਿਗੁਰੂ[੧੫੨]

---

[੧੪੮]ਮੋਹਰੀ, ਮੁਰਾਦ ਲੁਬਾਣਿਆਂ ਦੇ ਸਰਦਾਰ ਮੱਖਣ ਸ਼ਾਹ ਤੋਂ ਹੈ।

[੧੪੯]ਛੁਪਾਇਕੇ, ਭਾਵ ਜ਼ਾਹਰ ਨਾ ਕਰੀਏ।

[੧੫੦]ਭਾਵ ਥੋੜੀ ਭੇਟਾ ਰੱਖਕੇ।

[੧੫੧]ਥੋੜੀ। [੧੫੨]ਭਾਵ ਧੰਨ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ। ਇਹ ਕਵੀ ਗੁਰੂ ਜੀ ਲਈ 'ਵਾਹਿਗੁਰੂ' ਸ਼ਬਦ ਆਮ ਵਰਤਦਾ ਹੈ, ਜਿਵੇਂ ਅਸੀਂ 'ਧੰਨ ਗੁਰੂ' ਵਰਤਦੇ ਹਾਂ, 'ਵਾਹਿਗੁਰੂ' ਦੇ ਅੱਖਰੀ ਅਰਥ ਬੀ 'ਧੰਨ ਗੁਰੂ' ਹੀ ਹਨ।

ਤਬ ਬੋਲਿ ਸੁਨਾਯਾ ।੧੫੦। 'ਕਾਹਿ ਦੁਰਾਵਤ[੧੫੩] ਹੈਂ ਹਮ ਤੇ ਜੋਊ ਲਜਾਯਾ ਹੈਂ ਭੇਟ ਸੁ ਦੇਹਿ ਹਮਾਰੀ'। 'ਯੌ ਨਹੀਂ ਜਾਨਤ ਹੋਂ ਮਨ ਮੈ ਤਬ ਦੇਊਂ ਬਤਾਯ ਕਹੋ ਜਬ ਸਾਰੀ'[੧੫੪]। 'ਤੀਨ ਹੀ ਲੋਕ ਕੀ ਜਾਨਤ ਹੈ ਗੁਰੁ' ਕੇਤਿਕ ਹੈ ਇਹੁ ਬਾਤ ਬਿਚਾਰੀ। ਦੀਨੀ ਬਤਾਯ ਭਈ ਤਬ ਸੁਧ, ਕਹੀ 'ਤੁਮ ਧੰਨ ਹੋ ਰੂਪ ਮੁਰਾਰੀ' ॥੧੫੧॥ ਭੇਟ ਚਢਾਇਕੈ ਸੀਸੁ ਨਿਵਾਇਕੈ ਚੂੰਮਤ ਹੀ ਪਗ ਬੋਲ ਕਰਾਰਾ[੧੫੫]। 'ਪਾਯਾ ਹੈ ਮੈਂ ਅਬ ਸਾਚਾ ਗੁਰੂ ਤੁਮ ਕਾਹੇ ਕੋ ਭੂਲਤ ਹੋ ਨਰ ਨਾਰਾ!' ਏਹੁ ਪੁਕਾਰ ਸੁਨੀ ਜਬ ਹੀ ਤਬ ਆਇ ਇਕਤ੍ਰ ਭਯਾ ਪੁਰ ਸਾਰਾ। ਨਾਯਕ ਹਾਥ ਸੋਂ ਟੀਕਾ ਲਵਾਯਕੈ ਭਾਨ[੧੫੬] ਸਮਾਨ ਭਯਾ ਗੁਰੁ ਭਾਰਾ ।੧੫੨। ਸਤਜ[੧੫੭] ਮੈ ਰੂਪ ਅਹੀ ਮਿਹਰਵਾਨ ਕਾ

---

[੧੫੩]ਕਿਉਂ ਛੁਪਾਉਂਦਾ ਹੈ।

[੧੫੪]ਇਹ ਮਖਣ ਸ਼ਾਹ ਕਹਿੰਦਾ ਹੈ ਕਿ ਮੈਨੂੰ ਪਤਾ ਨਹੀਂ ਸੀ ਲਗਦਾ ਕਿ ਗੁਰੂ ਕੌਣ ਹਨ, ਇਸ ਲਈ ਮੈਂ ਮਨ ਵਿਚ ਇਹ ਠਾਣੀ ਕਿ ਜਦੋਂ ਕੋਈ ਸਾਰੀ ਭੇਟਾ ਆਪ ਮੰਗੇਗਾ ਤਦੋਂ ਦਿਆਂਗਾ।

[੧੫੫]ਚਰਨ ਚੂੰਮਕੇ ਉਸ ਨੇ ਉੱਚੀ ਬੋਲਕੇ ਹੋਕਰਾ ਦੇ ਦਿਤਾ, ਕਰਾਰਾ=ਉੱਚੀ।

[੧੫੬]ਸੂਰਜ ਸਮਾਨ ਪ੍ਰਗਟ।

[੧੫੭]ਸਤਜੁਗ ਵਿਚ।

ਧਾਰਤ ਹੀ ਜਗ ਮੈ ਗੁਰੁ ਆਯਾ। ਧਾਰਕੇ ਔਰ ਹੀ ਰੂਪ ਤ੍ਰੇਤ ਮੈ ਨਾਮ ਵਟਾਯਕੈ ਜਨਕ ਕਹਾਯਾ। ਹੋਇ ਦੁਆਪਰ ਮੇ ਫਿਰ ਅਰਜਨ ਸ੍ਰੀ ਬਲਬੀਰ ਕਾ ਬੀਰ ਕਹਾਯਾ। ਕਲਿਜੁਗ ਮੈ ਸ੍ਰੀ ਨਾਨਕ ਹੋਇਕੈ ਭੈਜਲ ਤੇ ਜਿਨ ਜਗਤੁ ਤਰਾਯਾ ॥੧੫੩॥

ਦੋਹਾ—ਤੇਗ ਬਹਾਦੁਰ ਹੈ ਵਹੀ ਜਾਨ ਲੇਹੁ ਮਨ ਮਾਹਿ। ਗੁਰ ਨਾਨਕ ਅਰੁ ਯਾਹਿ ਮੈ ਭੇਦ ਦੂਸਰੋ ਨਾਂਹਿ॥੧੫੪॥

[ਗੁਰ ਤੇਗ ਬਹਾਦਰ ਮਹਿੰਮਾ]

ਚੌਪਈ—ਕਾਂਸੀ ਬੈਠ ਕਰੈ ਤਪੁ ਭਾਰੀ। ਹਰਿਦੁਆਰ ਨ੍ਹਾਵੈ ਸੌ ਵਾਰੀ। ਪਿਰਾਗ ਜਾਯ ਜੌ ਮੂੰਡ ਮੁੰਡਾਵੈ। ਬਿਨੁ ਗੁਰ ਸ਼ਰਨ ਨਹੀ ਗਤਿ[੧੫੮] ਪਾਵੈ ॥੧੫੫॥ ਮਥੁਰਾ ਮੈ ਬੈਠਾ ਗੁਨ ਗਾਏ। ਜਾਇ ਦ੍ਵਾਰਕਾ ਛਾਪ ਲਵਾਏ। ਗਯਾ ਪਿੰਡ ਜੌ ਜਾਇ ਭਰਾਵੈ। ਬਿਨੁ ਗੁਰ ਸ਼ਰਨ ਨਹੀ ਗਤਿ ਪਾਵੈ ॥੧੫੬॥ ਕੰਦ ਮੂਲ ਖਾਵੈ ਦਿਨ ਰਾਤੀ। ਦਾਨ ਦਿਜਨ[੧੫੯] ਦੇਵੇ ਪਰਭਾਤੀ। ਔਰ ਪਖੰਡ ਅਨੇਕ ਕਮਾਵੈ। ਬਿਨ ਗੁਰ ਸ਼ਰਨ ਨਹੀ ਗਤਿ ਪਾਵੈ ॥੧੫੭॥

ਦੋਹਾ—ਤੇਗ ਬਹਾਦਰ ਗੁਰੂ ਕੀ ਚਰਨੀ ਲਾਗੈ ਆਇ। ਜਨਮ ਮਰਨ ਤੇ ਮੁਕਤ ਹੁਇ ਮੋਖ ਪਦਾਰਥ ਪਾਇ ॥੧੫੮॥

---

[੧੫੮]ਮੁਕਤੀ। ਜਨਮ ਮਰਨ ਤੋਂ ਨਿਸਤਾਰਾ।

[੧੫੯]ਬ੍ਰਾਹਮਣਾਂ ਨੂੰ।

ਸ੍ਵੈਯਾ—ਵਾਹਿਗੁਰੂ ਤਬ ਬੈਠ ਸਿੰਘਾਸਨ ਸਿੱਖਨ ਕੋ ਨਿਜ ਚਰਨ ਛੁਹਾਏ। ਦੈ ਉਪਦੇਸ ਸਭੈ ਨਰ ਨਾਰਿਨ ਰਾਮ ਕੇ ਨਾਮ ਕੇ ਮਾਰਗ ਪਾਏ। ਚਾਰ ਪਦਾਰਥ ਪਾਯਤ ਹੈਂ ਗੁਰ ਤੇਗ ਬਹਾਦਰ ਕੇ ਗੁਨ ਗਾਏ[੧੬੦] ॥੧੫੯॥

[ਗੁਰੂ ਜੀ ਦੀ ਸ਼ਹੀਦੀ]

ਦੋਹਾ—ਆਗਰੇ ਮੈ ਸਤਿਗੁਰ ਗਏ ਸਹਿਜੇ ਆਪ ਸੁਭਾਇ। ਏਕ ਦੁਸਟ ਚੁਗਲੀ ਕਰੀ ਦਿੱਲੀ ਪਤਿ ਪਹਿ ਜਾਇ ॥੧੬੦॥ ਤਹਾਂ ਅਮਾਨਤ ਗੁਰੂ ਕੀ ਏਕ ਦੁਸ਼ਾਲਾ ਆਹਿ। ਲੇਤ ਤਹਾਂ ਤੇ ਦੁਸ਼ਟ ਨੈ ਜਾਯ ਦਿਖਾਯਾ ਸ਼ਾਹਿ ॥੧੬੧॥ 'ਤੁਮਰੇ ਪਹਿਰਨ ਕੋ ਇਹਾਂ ਹਾਥ ਨ ਆਵੈ ਏਕ[੧੬੧]। 'ਐਸੇ ਤੌ ਗੁਰੁ ਸਦਨ[੧੬੨] ਮੈ ਰਹਿਤੇ ਪੜੇ ਅਨੇਕ' ॥੧੬੨॥ ਅਹਿਦੀ ਮੁਗਲ ਪਠਾਇਕੈ ਲੀਨਾ ਗੁਰੂ ਬੁਲਾਯ। ਬੁਰਾ ਕਰਨ ਕੋ ਆਪਨਾ ਧਰਾ ਬੰਦ[੧੬੩] ਮਹਿ ਪਾਇ ॥੧੬੩॥ ਕਹੈ ਸਾਹੁ ਸਤਿਗੁਰੂ ਕੋ 'ਕੈ ਧਨ

---

[੧੬੦]ਇਸ ਛੰਦ ਦਾ ਬੀ ਇਕ ਚਰਨ ਘੱਟ ਹੈ।

[੧੬੧]ਲੇਖਕ ਸ਼ਹੀਦੀ ਦਾ ਅਸਲ ਕਾਰਨ ਜੋ ਕਲਗੀਧਰ ਪਾਤਸ਼ਾਹ ਨੇ ਬਚਿਤ੍ਰ ਨਾਟਕ ਵਿਚ ਦੱਸਿਆ ਹੈ 'ਤਿਲਕ ਜੰਞੂ ਰਾਖਾ ਪ੍ਰਭ ਤਾਂਕਾ', ਤੇ ਜਿਸ ਦਾ ਜ਼ਿਕਰ ਇਹ ਆਪ ਬੀ ਅੱਗੇ ਕਰਦਾ ਹੈ, ਉਸ ਨੂੰ ਏਥੇ ਉਹ ਠੀਕ ਤਰ੍ਹਾਂ ਬਿਆਨ ਨਹੀਂ ਕਰ ਸਕਿਆ।

[੧੬੨]ਗੁਰੂ ਕੇ ਘਰ। [੧੬੩]ਕੈਦ॥

ਦੇਹੁ ਅਪਾਰ। 'ਕੈ ਕਰਾਮਾਤ ਦਿਖਾਉ ਤੂੰ ਹੋਵੈ ਤਉ ਛੁਟਕਾਰ' ॥੧੬੪॥ '[੧੬੪]ਧਨ ਸ਼ਾਹੁਨ ਪੈ[੧੬੫] ਹੋਤ ਹੈ, ਕਰਾਮਾਤ ਕੋ ਪੀਰ। 'ਨਾਂ ਹਮ ਸ਼ਾਹੁ ਨ ਪੀਰ ਹੈਂ, ਰਾਖਹੁ ਮਨ ਮੈ ਧੀਰ ॥੧੬੫॥ 'ਬੁਰਾ ਕਰੋਗੇ ਆਪ ਕੋ, ਭਲਾ ਕਰੋਗੇ ਆਪ। 'ਲੇਖਾ ਦਰਗਹ ਹੋਊਗਾ ਦੁਊ ਪੁੰਨ ਅਰੁ ਪਾਪ ॥੧੬੬॥ 'ਜੌਂ ਬੀਜੈ ਜੌਂ ਹੀ ਲਹੈ, ਕਣਕ ਕਣਕ ਸੋ ਪਾਯ'। 'ਜੌਂ ਬੀਜੇ ਤੇ ਸਾਹਿ ਜੀ! ਕਣਕ ਨਾਂਹਿ ਹੁਇ ਜਾਯ' ॥੧੬੭॥ ਤਹਾਂ ਬੈਠ ਸਤਿਗੁਰੂ ਨੈਂ ਬਾਣੀ ਕਰੀ ਅਨੇਕ। ਰਾਗ ਰਾਗ ਮਹਿ ਸਬਦ ਹੈਂ ਭੀਨੇ ਮੋਹਿ ਬਿਬੇਕ[੧੬੬] ॥੧੬੮॥ ਅਵਰ ਸਲੋਕ ਜੁ ਕੀਏ ਹੈਂ ਅਤਿ ਬਿਓਗ ਤਿਨ ਮਾਂਹਿ। ਤਿਨ ਕੇ ਪੜਨੇਹਾਰ ਕੇ ਪਾਪ ਨਿਕਟ ਨ ਰਹਾਂਹਿ ॥੧੬੯॥ ਇਨ ਸਬਦਨ ਕੇ ਪੜੇ ਤੇ ਦੇਤ ਬਿਕਾਰ ਭੁਲਾਯ। ਇਨ ਸਬਦਨ ਕੇ ਪੜੇ ਤੇ ਉੱਤਮ ਪਦਵੀ ਪਾਯ ॥੧੭੦॥ ਅਨਿਕ ਮਿਠਾਈ ਦੇਖ ਕੈ ਕਾਹਿ ਤਜੈ ਕੋ ਖਾਯ। ਭਲਾ ਤਾਂਹਿ ਇਹੁ ਜਾਨਿਅਹੁ ਪੋਟ[੧੬੭] ਬਾਂਧਿ ਲੇ ਜਾਯ ॥੧੭੧॥ ਜੇਤੀ ਬਾਣੀ

---

[੧੬੪]ਗੁਰੂ ਜੀ ਦਾ ਉੱਤਰ।

[੧੬੫]ਸ਼ਾਹਾਂ ਯਾ ਬਾਦਸ਼ਾਹਾਂ ਪਾਸ।

[੧੬੬]ਗਿਆਨ ਵੈਰਾਗ ਦੇ ਭਿੱਜੇ। [੧੬੭]ਪੰਡ, ਗਠੜੀ।

ਗੁਰੁ ਕਰੀ ਸਭ ਹੀ ਕੰਠ ਕਰੇਇ । ਬ੍ਰਹਮ ਮੁਹੂਰਤ[੧੬੮] ਪੜ੍ਹੈ ਉਠਿ ਤੌ ਇਸ ਕਾ ਫਲ ਲੇਇ ॥੧੭੨॥ ਜੋ ਜੋ ਗੁਨ ਇਸ ਮਾਂਹਿ ਹੈਂ ਮੋ ਪੈ ਗਨੇ ਨ ਜਾਂਹਿ । ਪੁਸਤਕ ਕੀਨਾ ਚਾਹੀਏ ਤਾਂਤੇ ਬਰਨੇ ਨਾਂਹਿ ॥੧੭੩॥ ਸੀਸ ਦੀਯਾ ਤਹਿਂ ਸਤਿਗੁਰੂ ਸਿਰਰ[੧੬੯] ਨ ਦੀਨਾ ਜਾਇ । ਜੰਞੂ ਟਿੱਕਾ ਰਾਖਿਆ ਚਲੇ ਰਾਮ ਗੁਨ ਗਾਇ ॥੧੭੪॥ ਹਯ ਹਯ ਹਯ ਸਭ ਜਗ ਭਯਾ ਸੁਰਗ ਲੋਕ ਜਯਕਾਰ । ਭਈ ਬਧਾਈ ਇੰਦ੍ਰ[੧੭੦] ਕੇ ਆਏ ਆਪ ਮੁਰਾਰਿ ॥੧੭੫॥ ਇੰਦ੍ਰ ਪੁਰੀ ਕੋ ਆਜ ਤੇ ਭਯ ਕਾਹੂ ਕੋ ਨਾਂਹਿ । ਸੋਢੀ ਪਤਿ ਗੁਰੂਅਨ ਗੁਰੂ ਬਸੇ ਆਯ ਜਿਨ ਮਾਂਹਿ ॥੧੭੬॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਤਿਨ ਕਾ ਸੁਤ ਗੋਬਿੰਦ ਸਿੰਘ ਸਭ ਗੁਰੂਅਨ ਸਿਰਮੌਰ । ਜੈਸੇ ਅਵਿਤਾਰਨ ਬਿਖੈ ਕ੍ਰਿਸ਼ਨ ਸਮਾਨ ਨ ਔਰ ॥੧੭੭॥

ਸ੍ਵੈਯਾ—ਪੀਰਨ ਤੇ ਜਿਨ ਪੀਰੀ ਹਰੀ ਅਰੁ ਗੁਰੂਅਨ ਤੇ ਹਰਿ ਲੀਨੀ ਗੁਰਾਈ । ਸ਼ਾਹਿਨ ਸੋਂ ਪਤਿਸਾਹੀ ਹਰੀ ਅਰੁ ਮੀਰਨ ਕੀ ਜਿਨ ਮੀਰੀ ਗਵਾਈ । ਚਾਰੋਂ ਹੀ ਬਰਨ ਮਿਲਾਯ ਦੀਏ ਜਿਨ ਕਾਹੂੰ ਮੈ ਨਾਂਹਿ ਰਹੀ

---

[੧੬੮]ਅੰਮ੍ਰਿਤ ਵੇਲੇ । [੧੬੯]ਰਾਜ਼, ਭੇਤ ।
[੧੭੦]ਭਾਵ ਸੁਰਗ ਤਥਾ ਸਚਖੰਡ ਵਿਚ ।

ਬਿਸਨਾਈ[121]। ਐਸੋ ਹੀ ਰੂਪ ਮੈਂ ਗੋਬਿੰਦ ਸਿੰਘ ਅਕਾਲ ਅਕਾਲ ਕੀ ਬਾਣੀ ਜਪਾਈ ॥੧੭੮॥ ਸੋਹਤ ਹੈ ਕਲਗੀ ਤਿਹ ਸੀਸ ਪੈ ਹੀਰਨ ਕੀ ਜੜਤੀ ਸੋਂ ਜੜਾਈ। ਇੰਦਰ ਕੀ ਕਲਗੀ ਹੂੰ ਤੇ ਸੁੰਦਰ ਚੰਦ ਔ ਸੂਰ ਤੇ ਜੋਤਿ ਸਵਾਈ। ਮੋਤਿਨ ਮਾਲ ਬਸੈ ਗਰ ਪੈ ਜੈਸੇ ਸ਼ਜਾਮ ਗਰੇ ਬਨ ਮਾਲ[122] ਸੁਹਾਈ। ਗੋਬਿੰਦ ਸਿੰਘ ਕਹਾਵਤ ਹੀ ਜਿਨ ਤੀਨ ਹੂੰ ਲੋਕ ਮੈਂ ਕੀਨੀ ਗੁਰਾਈ ॥੧੭੯॥

ਦੋਹਾ—ਪਿਤਾ ਸੁਰਗ ਮੈ ਗਏ ਸੁਨ ਕੀਨਾ ਅਧਿਕ ਬਿਯੋਗੁ। ਦੇਹਿ ਧਾਰੀ ਕਾ ਧਰਮ ਹੈ ਹੋਵਤ ਹੈ ਜਗ ਸੋਗ ॥ ੧੮੦ ॥ 'ਹੋਵੈ ਐਸਾ ਸਿੱਖ ਮਮ' ਸਤਿਗੁਰੂ ਕਹਜਾ ਸੁਨਾਯ। 'ਲੋਥ ਹਮਾਰੇ ਪਿਤਾ ਕੀ ਤਹਿੰ ਤੇ ਲਜਾਵੈ ਜਾਯ' ॥ ੧੮੧ ॥ ਔਰ ਸਭੈ ਚੁਪ ਕਰ ਗਏ ਮਜਬੀ ਉਠਿਆ ਰੋਇ ॥'ਮੈਂ ਹੂੰ ਉਦਮ ਕਰੌਂਗਾ ਹੋਣੀ ਹੋਇ ਸੁ ਹੋਇ[123]' ॥ ੧੮੨ ॥ ਮਜਬੀ ਵਹੁ

---

[121]ਵੈਸ਼ਨਵਪਣਾ, ਵਿਸ਼ਨੂੰ ਉਪਾਸ਼ਕ ਉੱਚ ਜਾਤੀ ਲੋਕ। ਉੱਚਤਾ। (ਅ) ਬੇ+ਆਸ਼ਨਾਈ=ਨਾ ਮਿਲਵਰਤਣ।

[122]ਬਨ ਦੇ ਫੁਲਾਂ ਦੀ ਮਾਲਾ।

[123]ਕਵੀ ਕੰਕਣ ਜੀ ਦੀ ਇਹ ਸ੍ਰੋਤ ਦੁਰੁਸਤ ਨਹੀਂ; ਸੀਸ ਸ੍ਰੀ ਅਨੰਦਪੁਰ ਆਇਆ ਸੀ ਤੇ ਧੜ ਦਾ ਸਸਕਾਰ ਦਿੱਲੀ ਹੀ ਹੋਇਆ ਸੀ। ਇਹ ਬੀ ਗੱਲ ਕਿਤੇ ਪੜ੍ਹੀ ਨਹੀਂ ਕਿ ਕਿਸੇ ਸਿਖ ਨੂੰ ਗੁਰੂ ਜੀ ਨੇ ਆਪ ਪਹਿਲੋਂ ਅਨੰਦਪੁਰੋਂ ਭੇਜਿਆ ਹੋਵੇ।

ਸਤਿਗੁਰੂ ਕਾ ਬਾਰ ਬੁਹਾਰਨਹਾਰ[੧੭੪]। ਤਾਂ ਪਰਿ ਗੁਰੁ ਕਿਰਪਾ ਕਰੀ ਤੁਰਿਆ ਜਨਮ ਸਵਾਰ। ੧੮੩॥

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸੀਸ ਦਾ ਸਸਕਾਰ

ਸੈਯਾ—ਆਇਸੁ[੧੭੫] ਪਾਇਕੈ ਸੀਸੁ ਨਿਵਾਇਕੈ ਦਿਲੀ ਮੈਂ ਜਾਇਕੈ ਲੋਥ ਉਠਾਈ। ਦੀਨਾ ਹੈ ਰਾਮ ਜੀ ਮੇਲੁ ਬਨਾਇਕੈ ਸੋਇ ਗਈ ਹੈ ਸਭ ਹੀ ਲੁਕਾਈ। ਸੋਇ ਗਏ ਰਖਵਾਰੇ ਸਭੈ ਤਿਹ ਆਵਨ ਕੀ ਸੁਧ ਕਾਹੂ ਨ ਪਾਈ। ਖੋਲ ਦੀਏ ਦਰਵਾਜੇ ਸਭੈ ਗੁਰ ਆਪ ਹੀ ਆਪ ਕੋ ਹੋਆ ਸਹਾਈ॥ ੧੮੪॥ ਬਾਂਧਿਕੈ ਪੋਟ ਉਠਾਯਕੈ ਸੀਸ ਪੈ ਤਜਾਗ ਬਿਲੰਬ ਕਰੀ ਉਨਿ ਧਾਈ॥ ਪਾਉਂ ਧਰਾ ਜਬ ਆਇਕੈ ਬਾਹਿਰ ਪਾਛੈ ਤੇ ਸ਼ੋਰ ਭਯਾ ਅਧਿਕਾਈ[੧੭੬]। ਸ਼ਾਹ ਸੁਨੀ ਇਹ ਬਾਤ ਜਬੈ ਤਿਨ ਚਾਰੋਂ ਹੀ ਓਰ ਤੇ ਫੌਜ ਦੁੜਾਈ। ਛੁਇ ਨ ਸਕੈ ਤਿਨਕੀ ਕੋਊ ਛਹਿ ਕੋ ਵਾਹਿਗੁਰੂ ਜਿਨ ਹੋਤ ਸਹਾਈ॥ ੧੮੫॥ ਦੋਹਾ—ਲੈ ਆਯਾ ਸਤਿਗੁਰੂ ਪਹਿ ਰਾਖੀ ਕੁਸ਼ਾ

---

[੧੭੪]ਦਰ ਤੇ ਝਾੜੂ ਬੁਹਾਰੀ ਦੇਣ ਵਾਲਾ।

[੧੭੫]ਆਗਜਾ। [੧੭੬]ਬਹੁਤ।

ਬਿਛਾਯ। ਧੋਈ ਲੋਥ[17] ਗੁਲਾਬ ਸੋਂ ਖੁਸ਼ੀ ਕਰੀ ਅਧਿਕਾਯ ॥ ੧੮੬ ॥ ਮਜ਼ਬੀ ਊਪਰ ਸਤਿਗੁਰੂ ਐਸੀ ਕਿਰਪਾ ਕੀਨ। ਸ੍ਰੀ ਅੰਮ੍ਰਿਤਸਰ ਤਾਲ ਕੀ ਬਾਹੀ ਚਉਥੀ ਦੀਨ ॥ ੧੮੭ ॥ ਇਕਠਾ ਕਰ ਚੰਦਨ ਅਧਿਕ ਲੀਨੀ ਚਿਤਾ ਬਨਾਇ। ਸਤਿਗੁਰੁ ਦੀਨਾ ਦਾਗ ਨਿਜ ਊਪਰ ਲੋਥ ਧਰਾਯ ॥ ੧੮੮ ॥

ਨੌਵੇਂ ਪਾਤਸ਼ਾਹ ਜੀ ਦੇ ਸਾਕੇ ਪਰ ਕੀਰਤਨ ਕਥਾ ਦਾਨ ਆਦਿ ਉਪ੍ਰੰਤ ਕਲਗੀਧਰ ਪਾਤਸ਼ਾਹ ਜੀ ਨੇ ਪੰਥ ਰਚਣ ਦਾ ਇਉਂ ਪ੍ਰਣ ਕੀਤਾ :-

[ਪੰਥ ਰਚਣ ਲਈ ਪ੍ਰਣ]

ਐਸਾ ਪੰਥ ਚਲਾਂਉਂਗੋ ਜਾਣੈਗਾ ਸਭ ਕੋਇ। ਹਿੰਦੂ ਮੁਸਲਮਾਨ ਕੇ ਚਖਨ ਮਾਹਿ[18] ਤ੍ਰਿਣ ਹੋਇ ॥ ੧੯੪ ॥ ਰੜਕੈਗਾ ਵਹੁ ਦੁਹਨ ਕੋ ਸੋਇ ਨ ਸਾਕਹਿਂ ਰੈਨ। ਹਿੰਦੂ ਮੁੱਸਲਮਾਨ ਕੋ ਆਵੈ ਨਾਹੀ ਚੈਨ ॥ ੧੯੫ ॥ ਸਿਖ ਹੋਇ ਜੋ ਗੁਰੂ ਕਾ ਤਾਂਕੇ ਦੁਖ ਨਹੀ ਦੇਇ। ਰਾਮ ਭਜਨ ਜੋ ਨਰ ਕਰੈ ਸੋ ਸੁਖ ਮਾਂਹਿ ਰਹੇਇ ॥ ੧੯੬ ॥

ਸੂਚਨਾ—ਇਥੋਂ ਅਗੇ ਅੰਕ ੨੧੨ ਤੱਕ ਕਵੀ

---

[17] ਲੋਥ ਨਹੀਂ, ਗੁਰੂ ਜੀ ਦਾ ਕੇਵਲ ਸੀਸ ਅਨੰਦਪੁਰ ਆਯਾ ਸੀ। ਧੜ ਦਾ ਸਸਕਾਰ ਦਿੱਲੀ ਵਿਚ ਗੁਰਦੁਆਰਾ ਰਕਾਬ ਗੰਜ ਵਾਲੀ ਥਾਵੇਂ ਹੋਇਆ ਸੀ।

[18] ਅੱਖਾਂ ਵਿਚ।

ਕੰਕਣ ਨੇ ਦੇਵੀ ਦਾ ਪ੍ਰਸੰਗ ਦਿਤਾ ਹੈ ਕਿ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਥ ਰਚਣ ਲਈ ਦੇਵੀ ਤੋਂ ਵਰ ਲੈਣ ਵਾਸਤੇ ਕਾਸ਼ੀ ਤੋਂ ਇਕ ਪੰਡਤ ਮੰਗਾਕੇ ਨੈਣਾ ਦੇਵੀ ਦੇ ਟਿੱਲੇ ਤੇ ਅਰਾਧਨਾ ਕੀਤੀ ਕਰਾਈ। ਕੀ ਗੁਰੂ ਜੀ ਨੇ ਦੇਵੀ ਦਾ ਆਰਾਧਨ ਕੀਤੀ ਸੀ? ਇਸ ਦੇ ਉੱਤਰ ਲਈ ਪੜ੍ਹੋ ਸ੍ਰੀ ਮਾਨ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਰਚਿਤ ਪੁਸਤਕ 'ਦੇਵੀ ਪੂਜਨ ਪੜਤਾਲ'। ਜਿਸ ਵਿਚ ਭਾਈ ਸਾਹਿਬ ਜੀ ਨੇ ਆਪਣੀ ਅਦੁਤੀ ਖੋਜ ਦੁਆਰਾ ਸਿੱਧ ਕੀਤਾ ਹੈ ਕਿ ਅਕਾਲ ਪੁਰਖ ਤੋਂ ਛੁਟ ਹੋਰ ਕਿਸੇ ਬੀ ਦੇਵਤਾ ਨੂੰ ਨਾ ਮੰਨਣ ਵਾਲੇ ਕਲਗੀਧਰ ਪਾਤਸ਼ਾਹ ਨੇ ਦੇਵੀ ਨਹੀਂ ਪੂਜੀ, ਪਰ ਇਹ ਦੇਵੀ ਪੂਜ ਬ੍ਰਾਹਮਣਾਂ ਦੀ ਪ੍ਰੀਖਜਾ ਸੀ ਜੋ ਬੜੇ ਦਮਗਜੇ ਮਾਰਦੇ ਸੀ ਕਿ ਅਸੀਂ ਦੇਵੀ ਪ੍ਰਗਟ ਕਰਕੇ ਆਪ ਨੂੰ ਪੰਥ ਸਿਰਜਣ ਲਈ ਵਰ ਦਿਵਾ ਸਕਦੇ ਹਾਂ, ਪਰ ਓਹ ਸਫਲ ਨਾ ਹੋਏ ਤੇ ਹਰਕੇ ਬਹ ਨੇ ਬਣਾਕੇ ਟਿੱਲੇ ਤੋਂ ਹੇਠਾਂ ਖਿਸਕ ਆਏ। ਤਾਂ ਸਾਹਿਬਾਂ ਨੇ ਸਾਰੀ ਬਚੀ ਸਾਮੱਗਰੀ ਇਕੱਠੀ ਕਰਕੇ ਫੂਕ ਦਿਤੀ ਤੇ ਸ੍ਰੀ ਸਾਹਿਬ ਸੂਤਕੇ ਟਿੱਲੇ ਤੋਂ ਹੇਠਾਂ ਉਤਰ ਆਏ ਤੇ ਕਿਹਾ: 'ਇਹੋ ਹੀ ਭਗਉਤੀ ਹੈ, ਜਿਸ ਦੀ ਧਾਰ ਪੰਥ ਪੈਦਾ ਕਰੇਗੀ' ਤੇ ਫਿਰ ਵੈਸਾਖੀ ਵਾਲੇ ਦਿਨ ਸਿਖਾਂ ਦੇ ਭਰੇ ਦੀਵਾਨ ਵਿਚੋਂ ਸਿਰਾਂ ਦੀ ਮੰਗ ਕੀਤੀ, ਪੰਜ ਨਿਤਰੇ ਤੇ ਓਹ ਪੰਜੇ ਖਾਲਸਾ ਪੰਥ ਦੀ ਨੀਂਹ ਬਣੇ। ਕਲਗੀਧਰ ਪਾਤਸ਼ਾਹ ਆਪ ਦੱਸਦੇ ਹਨ ਕਿ ਪੰਥ ਰਚਣ ਦਾ ਹੁਕਮ ਤੇ ਵਰ ਅਕਾਲ ਪੁਰਖ ਨੇ ਹੀ ਆਪ ਜੀ ਨੂੰ ਦਿੱਤਾ ਸੀ:-

ਤਪ ਸਾਧਤ ਹਰਿ ਮੋਹਿ ਬੁਲਾਯੋ ॥ ਇਮ ਕਹਿਕੈ ਇਹ ਲੋਕ ਪਠਾਯੋ ॥ 'ਮੈ ਅਪਨਾ ਸੁਤ ਤੋਹਿ ਨਿਵਾਜਾ ॥ ਪੰਥ ਪ੍ਰਚੁਰਿ ਕਰਿਬੇ ਕਹੁ ਸਾਜਾ ॥ ਜਾਇ ਤਹਾ ਤੈ ਧਰਮ ਚਲਾਇ ॥ ਕੁਬੁਧ ਕਰਨ ਤੈ ਲੋਕ ਹਟਾਇ ॥'

ਦੋਹਰਾ ॥ ਠਾਂਢ ਭਯੋ ਮੈ ਜੋਰਿ ਕਰ ਬਚਨ ਕਹਾ ਸਿਰ ਨਜਾਇ ॥ 'ਪੰਥ ਚਲੈ ਤਬ ਜਗਤ ਮੈ ਜਬ ਤੁਮ ਕਰਹੁ ਸਹਾਇ ॥ ੩੦ ॥' [ਬਚਿਤ੍ਰ ਨਾਟਕ

ਫਿਰ ਅਕਾਲ ਪੁਰਖ ਨੂੰ ਸੰਬੋਧਨ ਕਰਦਿਆਂ ਕਿਹਾ ਹੋਇਆ ਇਹ ਬੀ ਵਾਕ ਉਨ੍ਹਾਂ ਦਾ ਹੀ ਹੈ :-

ਪਾਇਂ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀ ਆਨਜੋ ॥

[ਖਾਲਸੇ ਦੀ ਸਾਜਨਾ]

ਕੀਨਾ ਉਦਮ ਪੰਥ ਕਾ, ਪੰਚ ਸਿਖ ਮੰਗਵਾਯ। ਪਾਹੁਲ ਗੁਰ ਤਿਨ ਕੋ ਦਈ, ਸਿਰ ਪਰ ਕੇਸ ਰਖਾਯ ॥੨੧੩॥ 'ਪੰਚ ਮੇਲ ਸੋਂ ਨਾ ਮਿਲਹੁ' ਬਚਨ ਕੀਆ ਗੁਰੁ ਏਹੁ। 'ਬੁਰੇ ਕਾਜ ਕੋ ਤਜਾਗਿਕੈ ਭਲਾ ਹੋਇ ਕਰਿ ਲੇਹੁ' ॥੨੧੪॥ ਪੰਚ ਮੇਲ ਯਹ ਕਵਨ ਹੈਂ ? ਸੋ ਭੀ ਕਹੌਂ ਸੁਨਾਇ। 'ਮੀਣੇ[੧੯] ਅਵਰ

---

[੧੯] ਭਾਈ ਪ੍ਰਿਥੀ ਚੰਦ ਦੀ ਸੰਤਾਨ।

ਮਸੰਦੀਏ[170] ਭੱਦਣੀਏ[171] ਨ ਮਿਲਾਇ ॥੨੧੫॥ 'ਧੀਰ-ਮੱਲੀਏ, ਕੁੜੀ-ਮਾਰ ਇਨ ਸੋਂ ਭਲਾ ਨ ਮੇਲ। 'ਇਨ ਪਾਂਚੋਕਉ ਤਜਾਗਕੈ ਕਰਹੁ ਜਗਤ ਮਹਿਂ ਕੇਲ' ॥੨੧੬॥ ਜਿਹ ਬਿਧਿ ਪਾਹੁਲ ਗੁਰ ਦਈ ਤਿਹ ਬਿਧਿ ਤਿਨਸੋਂ ਲੀਨ। ਆਪੁ ਸਿਖ ਤਿਨਕਾ ਭਯਾ ਇਹੀ ਕਾਮ ਗੁਰ ਕੀਨ ॥੨੧੭॥

ਚੌਪਈ—ਵਾਹਿਗੁਰੂ ਇਹੁ ਬਚਨ ਸੁਨਾਯਾ। 'ਗੁਰੂ ਖਾਲਸਾ ਨਾਮੁ ਧਰਾਯਾ। 'ਤੁਮ ਮੇਰੇ ਮੈਂ ਤੁਮਰਾ ਹੂਆ। 'ਤੁਮਰਾ ਹਮਰਾ ਗੁਰੂ ਨ ਦੂਆ ॥੨੧੮॥ 'ਕਲਿ ਮਹਿ ਹੋਹਿਂ ਪਖੰਡ ਅਨੇਕਾ। 'ਜੋ ਮਮ ਸਿੱਖ, ਨ ਮਾਨੈ ਏਕਾ। 'ਟਾਮਨ ਕਰ ਕੋਉ ਭੀਤ ਨਚਾਵੈ[172]। 'ਤੌ ਭੀ ਮਮ ਸਿੱਖਨ ਨਹੀ ਭਾਵੈ ॥੨੧੯॥ 'ਨਿਜ ਅੰਗੂਰੀ' ਤੇ ਦੂਧ ਚੁਆਵਹਿ। 'ਆਪ ਆਪ ਕੋ ਗੁਰੂ ਕਹਾਵਹਿ। '[173]ਜੁਵਤਨ ਮੁਝ ਤੇ ਥਾਪੀ ਲੇਵਹਿਂ। 'ਤਾਂਤੋ ਹਮ ਪੁਤ੍ਰ ਫਲ ਦੇਵਹਿਂ[173] ॥੨੨੦॥

---

[170]ਮਸੰਦ ਜੋ ਗੁਰੂ ਆਗਜਾ ਹੇਠ ਮੰਗਤਾਂ ਤੋਂ ਗੁਰੂ ਕੀ ਕਾਰ ਉਗ੍ਰਾਹੁੰਦੇ ਮਗਰੋਂ ਖ਼ੁਦਸਰ ਹੋਕੇ ਬੇਮੁਖ ਹੋ ਗਏ ਸਨ ਤੇ ਕਲਗੀਧਰ ਪਾਤਸ਼ਾਹ ਨੇ ਤਿਆਗ ਦਿੱਤੇ ਸਨ।

[171]ਮੁੰਡਨ ਆਦਿ ਕਰਨ ਵਾਲੇ।

[172]ਜਾਦੂ ਟੂਣੇ ਕਰਕੇ ਜੋ ਕੋਈ ਕੰਧ ਬੀਨਚਾ ਦਿਖਾਵੇ।

[173](ਤੇ ਜਿਹੜਾ ਇਹ ਆਖੇ ਕਿ) ਜੋ ਇਸਤ੍ਰੀਆਂ ਮੈਥੋਂ ਥਾਪੀ ਲੈਣਗੀਆਂ, ਉਨ੍ਹਾਂ ਨੂੰ ਅਸੀਂ ਪੁਤ੍ਰ ਫਲ ਦਿਆਂਗੇ। [ਜੁਵਤਨ=ਇਸਤ੍ਰੀਆਂ]।

'ਸਿਖ ਹੋਇ ਸੋ ਮਾਨੈ ਨਾਹੀ। 'ਬਚਨ ਮੋਹਿ ਰਾਖੈ ਰਿਦ ਮਾਹੀ। 'ਜੋ ਗੁਰੁ ਤਜਾਗ ਅਵਰ ਪਹਿ ਜਾਵਹਿ । 'ਅਧਿਕ ਦੁਖ ਸੋਈ ਨਰ ਪਾਵਹਿ ॥੨੨੧॥ 'ਨਿਜ ਗੁਰ ਤੇ ਜੋ ਕਾਜ ਬਿਗਾਰੈ। 'ਤੌ ਭੀ ਗੁਰ ਕੋ ਨਾਂਹਿ ਬਿਸਾਰੈ । 'ਪਰ ਗੁਰੁ ਤੇ ਜੌ ਸੌਰੇ ਕਾਮ । 'ਤੌ ਭੀ ਤਾਂਕੋ ਲੇਇ ਨ ਨਾਮੁ ॥੨੨੨॥ 'ਪਰ ਗੁਰ ਜੈਸੇ ਪਰ ਭਰਤਾਰਾ[੧੮੪] । 'ਰਮੈ ਤੀਯ ਸੋ ਕਹੈ ਛਿਨਾਰਾ[੧੮੫] । 'ਨਾ ਸਸੁਰਾਰ ਨ ਪੇਈਏ ਥਾਂਉਂ। 'ਤਿਨਕਾ ਕੋਊ ਲੇਤ ਨ ਨਾਂਉਂ ॥੨੨੩॥

ਸ੍ਵੈਯਾ—'ਸਿਖ ਸਭੈ ਹਮਰੇ ਗੁਰ ਹੌ ਤੁਮ, ਮੈਂ ਹੌ ਗੁਰੂ ਜਗ ਮਾਹਿ ਤੁਮਾਰਾ[੧੮੬] । 'ਜੋ ਕਰਿ ਹੈ ਤੁਮਰਾ ਕੋਊ ਦਰਸ਼ਨ ਜਾਨੋ ਕੀਯਾ ਤਿਨ ਦਰਸੁ ਹਮਾਰਾ । 'ਜੋ ਤੁਮ ਮਾਂਗ ਲਹੋ ਮਿਲ ਪਾਂਚ ਸੁਈ ਕਛੁ ਹੋਇ ਨ ਲਾਗ ਹੈ ਬਾਰਾ[੧੮੭]। ਹੈ ਅਰਦਾਸ ਮੈਂ ਆਇ ਰਹਾ ਫਲ ਜੋ ਕਲਿਮੈਂ ਕੋਊ ਮਾਂਗਨਹਾਰਾ[੧੮੮]॥੨੨੪॥

---

[੧੮੪]ਪਰਾਇਆ ਗੁਰੂ ਪਰਾਈ ਪਤੀ ਵਰਗਾ ਸਮਝੋ।

[੧੮੫]ਵਿਭਚਾਰਨ ਇਸਤ੍ਰੀ।

[੧੮੬]ਭਾਵ ਖਾਲਸਾ ਜੀ ਤੁਸੀਂ ਮੇਰੇ ਗੁਰੂ ਹੋ ਤੇ ਮੈਂ ਤੁਹਾਡਾ ਗੁਰੂ ਹਾਂ, 'ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ' ਵੱਲ ਇਸ਼ਾਰਾ ਹੈ।

[੧੮੭]ਦੇਰ ਨਹੀਂ ਲਗੇਗੀ।

[੧੮੮]ਭਾਵ ਕਲਿਜੁਗ ਵਿਚ ਅਰਦਾਸ ਕਰਨ ਨਾਲ ਮੰਗਣਹਾਰ ਨੂੰ ਸਭ ਕੁਝ ਪ੍ਰਤੱਖ ਮਿਲ ਜਾਂਦਾ ਹੈ।

ਪੀਰਨ ਤੇ ਔ ਫਕੀਰਨ ਤੇ ਕੋਊ ਕਾਮ ਨ ਸੌਰਤ ਹੈ ਕਲਿ ਮਾਂਹੀ। ਹੋਇ ਹੈ ਕਾਜ ਬਿਲੰਬ ਬਿਨਾ[੧੮੯] ਜਬ ਸਿੱਖਨ ਪੈ ਅਰਦਾਸ ਕਰਾਹੀ। ਭੂਪ ਬਿਦੇਸ ਪੈ ਲਾਗ ਹੀ ਬਾਰ ਜੋ ਕੂਕ ਕਰੈ ਤਬ ਦਾਦ ਨ ਪਾਹੀ[੧੯੦]। ਆਪਨੇ ਭੂਪ ਪੈ ਜਾਯ ਪੁਕਾਰ ਹੈ ਦਾਦ ਮਿਲੈ ਤਿਸਕੋ ਪਲ ਮਾਹੀ ॥੨੨੫॥

ਦੋਹਾ—ਜੋ ਸਿਖਨ ਕੋ ਗੁਰ ਕਹਿਆ ਸੋ ਮੈ ਕਹਾ ਸੁਨਾਇ। ਕਵਿ ਕੰਕਨ ਗੁਰ ਚਰਨ ਪਰ ਸਦ ਬਲਿਹਾਰੈ ਜਾਇ ॥੨੨੬॥

ਚੌਪਈ—ਤਬ ਤੇ ਗੁਰੂ ਪੰਥ ਇਹੁ ਕੀਨਾ। ਹੁਕਮ ਅਵਰ ਕਾ ਰਹਿਨੁ ਨ ਦੀਨਾ। ਬਾਣੀ ਕਰੀ ਅਕਾਲ ਅਕਾਲ। ਚਾਰ ਬਰਨ ਜਪਿ ਹੋਂਹਿ ਨਿਹਾਲ ॥੨੨੭॥ ਅਕਾਲ ਪੁਰਖ ਕਾ ਜਾਪੁ ਜੁ ਕਰੈਂ। ਸੋ ਨਰ ਕਾਲ ਫਾਸਿ ਨਹੀ ਪਰੈਂ। ਤਾਂਤੇ ਕਹੀਏ ਧੰਨ ਅਕਾਲ। ਜਾਂਤੇ ਛੂਟ ਜਾਇ ਜਮ ਜਾਲਿ ॥੨੨੮॥ ਐਸਾ ਪੰਥ ਗੁਰੂ ਕਾ ਹੂਆ। ਜਾਂਕੇ ਸਮਸਰਿ ਅਵਰੁ ਨ ਦੂਆ। ਕਾਨ[੧੯੧] ਕਿਸੀ ਕੀ ਨਾਂਹਿ ਧਰਾਵੈ॥ ਆਪ ਖਾਲਸਾ ਗੁਰੂ ਕਹਾਵੈ।੨੨੯॥ ਜੋਗੀ ਸੰਨਿਆਸੀ ਨਹੀ ਮਾਨੈ। ਮੀਰ ਪੀਰ ਕੋ ਕੋਊ ਨ ਜਾਨੈ। ਸਭੈ ਸਵਾਰ ਕਹਾਵਹਿਂ ਸਾਹੁ।

---

[੧੮੯]ਦੇਰ ਤੋਂ ਬਿਨਾਂ, ਛੇਤੀ, ਤੁਰੰਤ।

[੧੯੦]ਵਿਦੇਸ਼ ਦੇ ਰਾਜੇ ਪਾਸ ਕੂਕ ਪੁਕਾਰ ਕਰੀਏ ਤਾਂ ਦੇਰ ਲਗੇਗੀ ਤੇ ਫਿਰ ਨਿਆਂ ਬੀ ਨਹੀਂ ਮਿਲੇਗਾ [ਬਾਰ=ਦੇਰ ।ਦਾਦ=ਨਿਆਂ]। [੧੯੧]ਕਾਣ ਕਣੌਤ।

ਐਸਾ ਗੁਰੂ ਚਲਾਯਾ ਰਾਹੁ ॥੨੩੦॥ ਜੇਤੇ ਜਗ ਮਹਿਂ ਫਿਰਹਿਂ ਪਯਾਦੇ। ਤਿਨ ਕਾ ਨਾਮੁ ਭੁਯਾ ਸ਼ਹਿਜ਼ਾਦੇ। ਗਾਂਉਂ ਗਾਂਉਂ ਦਿੱਲੀ ਠਹਿਰਾਈ। ਘਰ ਘਰ ਮਹਿਂ ਟਕਸਾਲ ਲਵਾਈ ॥੨੩੧॥

ਦੋਹਾ—ਦਸੋ ਰੁਦ੍ਰ[੧੯੨] ਪਾਛੇ ਭਏ ਹਨੂ ਇਕਾਦਸ਼[੧੧੩] ਜਾਨ। ਤਿਉਂ ਪੀਛੇ ਦਸ ਗੁਰਨ ਤੇ ਸਿਖ ਜਾਨੁ ਹਨੁਮਾਨ ॥੨੩੨॥ ਜੇਤਾ ਬਲ ਹਨੁਵੰਤ ਮੈਂ ਸੁਈ ਪੰਥ ਕੇ ਮਾਂਹਿ। ਕਵਿ ਕੰਕਨ ਬੀਚਾਰ ਕਹੁ ਯਾ ਮੇ ਸ਼ੰਕਾ ਨਾਹਿ ॥੨੩੩॥ ਸੁਨੈ ਸੁਨਾਵੈ ਮਨੁ ਧਰੈ ਗੁਰ ਕੀ ਕਥਾ ਅਨੰਤ। ਤਾਕੋ ਮੁਕਤ ਸਦਾ ਕਰੈ, ਬਰੋ ਬਰੋ ਮੁਹਿ ਕੰਤ[੧੯੪] ॥੨੩੪॥

ਸ੍ਰੀ ਵਾਹਿਗੁਰੂ ॥ ਗੁਰੂ ਨਾਨਕ ਜੀ ਸਹਾਇ ॥

—ਇਤੀ—

---

[੧੯੨]ਉਪਨਿਸ਼ਦ ਵਿਚ ਦਸ ਪ੍ਰਾਣ ਤੇ ਅੰਤਹਕਰਣ ਨੂੰ ੧੧ ਰੁਦ੍ਰ ਮੰਨਿਆ ਹੈ। ਪੁਰਾਣਾਂ ਵਿਚ ੧੧ ਰੁਦ੍ਰ ਇਹ ਗਿਣੇ ਹਨ :—ਅਜ, ਏਕ ਪਾਦ, ਅਹਿਵ੍ਧਨ, ਪਿਨਾਕੀ, ਅਪਰਾਜਿਤ, ਤ੍ਰਯੰਬਕ, ਮਹੇਸ਼੍ਵਰ, ਵਿਸ਼੍ਵਾਕਪੀ, ਸੰਭੁ, ਹਰਣ ਅਤੇ ਈਸ਼੍ਵਰ। ਗਰੁੜ ਪੁਰਾਣ ਵਿਚ ੧੧ ਰੁਦ੍ਰਾਂ ਦੇ ਨਾਮਾਂ ਦਾ ਕੁਝ ਫਰਕ ਹੈ, ਪਰ ਓਥੇ ਬੀ 'ਹਨੂਮਾਨ' ਨਾਮ ਰੁਦ੍ਰਾਂ ਵਿਚ ਨਹੀਂ ਆਇਆ। ਕਵੀ ਜੀ ਦੀ ਇਹ ਨਿਜ ਉਕਤੀ ਹੀ ਜਾਪਦੀ ਹੈ। ਦਸ ਗੁਰੂ ਸਾਹਿਬਾਨ ਤੇ ਗਿਆਰਵਾਂ ਗੁਰੂ ਖਾਲਸਾ ਨੂੰ ਓਹ ੧੧ ਰੁਦ੍ਰਾਂ ਦਾ ਉਪਮਾਨ ਕਹਿਣਾ ਚਾਹੁੰਦਾ ਹੈ, ਜੋ ਵਾਜਬ ਨਹੀਂ। [੧੯੩]ਹਨੂਮਾਨ।

[੧੯੪] ਹੇ ਮੇਰੇ ਸੁਆਮੀ ਗੁਰੂ ਜੀਓ! ਮੈਨੂੰ ਵਰ ਲਓ! (ਇਹ ਕਵੀ ਨਿਜੀ ਅਰਦਾਸ ਅੰਤ ਵਿਚ ਕਰ ਰਿਹਾ ਹੈ)।

ਸਾਰੇ ਹੱਕ ਰਾਖਵੇਂ ਹਨ

ਸਰਦਾਰ ਸੰਤ ਸਿੰਘ ਜੀ ਪ੍ਰਿੰਟਰ ਦੁਆਰਾ ਗੁਰਸੇਵਕ ਪ੍ਰਿੰਟਿੰਗ ਪ੍ਰੈਸ ਸੰਟ੍ਰਲ ਖਾਲਸਾ ਆਰਫਨੇਜ (ਚੀ: ਖਾ: ਦੀ:) ਅੰਮ੍ਰਿਤਸਰ ਵਿਚ ਛਪੀ ਤੇ ਗਿਆਨੀ ਮਹਾਂ ਸਿੰਘ ਐਡੀਟਰ ਖਾਲਸਾ ਸਮਾਚਾਰ ਨੇ ਹਾਲ ਬਾਜ਼ਾਰ ਅੰਮ੍ਰਿਤਸਰ ਤੋਂ ਪ੍ਰਕਾਸ਼ਿਤ ਕੀਤੀ।

B-9006